# ਇੱਕ ਵਿਚਾਰਸ਼ੀਲ ਮਨੁੱਖ ਦੀ ਛਾਨਣੀ

ਭਾਈ ਮਾਨ, ਤੁਹਾਡਾ ਧੰਨਵਾਦ। ਮੈਂ ਤੁਹਾਨੂੰ ਵੇਖਿਆ ਸੀ ਤੁਸੀਂ ਇੱਕ ਭਾਈ ਨੂੰ ਲੈ ਕੇ ਆਏ ਸੀ। ਪ੍ਰਭੂ ਤੁਹਾਨੂੰ ਬਰਕਤ ਦੇਵੇ। “ਸਭ ਕੁਝ ਹੋ ਸਕਦਾ ਹੈ, ਸਿਰਫ ਵਿਸ਼ਵਾਸ ਕਰੋ।” ਆਉ ਦੁਆ ਕਰੀਏ।

ਹੇ ਪ੍ਰਮੇਸ਼ਵਰ, ਸੱਚਮੁਚ ਅੱਜ ਰਾਤ ਸਾਡੇ ਦਿਲਾਂ ਦੀ ਇਹ ਹੀ ਇੱਛਾ ਹੈ, ਕਿ ਅਸੀਂ ਸਿਰਫ ਵਿਸ਼ਵਾਸ ਕਰੀਏ। ਜਿਵੇਂ ਕੀ ਅਸੀਂ ਅੱਜ ਰਾਤ ਇਸ ਭਵਨ ਵਿੱਚ ਇੱਕਠੇ ਹੋਏ ਹਾਂ, ਸੂਰਜ ਪੱਛਮ ਵਿੱਚ ਡੁੱਬ ਰਿਹਾ ਹੈ, ਪ੍ਰੇਮੀ ਪਿਤਾ, ਅਸੀਂ ਦੁਆ ਕਰਦੇ ਹਾਂ, ਕਿ ਤੂੰ ਸਾਨੂੰ ਇਸ ਗੱਲ ਦਾ ਅਹਿਸਾਸ ਕਰਾ ਕਿ ਸਮੇਂ ਦਾ ਸੂਰਜ ਵੀ ਡੁੱਬ ਰਿਹਾ ਹੈ; ਇਹ ਖਤਮ ਹੋ ਰਿਹਾ ਹੈ। ਦਿਨ ਬਹੁਤ ਬੀਤ ਗਿਆ ਹੈ। ਅਤੇ ਅਸੀਂ ਯਾਦ ਕਰਦੇ ਹਾਂ ਇੱਕ ਵਾਰ ਜਦ ਦਿਨ ਬਹੁਤ ਬੀਤ ਚੁੱਕਾ ਸੀ, ਤਾਂ ਦੋ ਮੁਸਾਫਰਾਂ ਨੇ ਤੈਨੂੰ ਅੰਦਰ ਆਉਣ ਦਾ ਸੱਦਾ ਦਿੱਤਾ ਅਤੇ ਆਪਣੇ ਨਾਲ ਰਹਿਣ ਲਈ ਕਿਹਾ ਸੀ। ਅਤੇ ਤਦ ਤੂੰ ਆਪਣੇ ਆਪ ਨੂੰ ਉਨ੍ਹਾਂ ਉੱਤੇ ਆਪਣਾ ਵਚਨ ਸਮਝਾਉਣ ਰਾਹੀਂ ਪ੍ਰਗਟ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਵੇਖ ਲੈਣ ਦਿੱਤਾ ਕਿ ਮਸੀਹ ਨੂੰ ਜਰੂਰੀ ਸੀ, ਕਿ ਉਹ ਇਨ੍ਹਾਂ ਦੁੱਖਾਂ ਨੂੰ ਪਹਿਲਾਂ ਭੋਗੇ।

2 ਸੋ ਪ੍ਰਮੇਸ਼ਵਰ, ਅਸੀਂ ਦੁਆ ਕਰਦੇ ਹਾਂ, ਜਦ ਕਿ ਦਿਨ ਬਹੁਤ ਬੀਤ ਚੁੱਕਾ ਹੈ, ਕਿ ਤੂੰ ਸਾਡੇ ਘਰਾਂ ਵਿੱਚ ਆਵੇਂਗਾ ਅਤੇ ਸਾਡੇ ਨਾਲ ਰਹੇਂਗਾ, ਅਤੇ ਪ੍ਰਭੂ, ਸਾਨੂੰ ਵਚਨ ਸਮਝਾ, ਕਿ ਅਸੀਂ ਤੇਰੇ ਵਲੋਂ ਪ੍ਰਾਪਤ ਹੋਣ ਵਾਲੇ ਇਸ ਖਜਾਨੇ ਨੂੰ ਕਿਰਪਾ ਸਹਿਤ, ਆਪਣੇ ਦਿਲਾਂ ਵਿੱਚ ਇੱਕ ਵਰਦਾਨ ਦੇ ਰੂਪ ਵਿਚ ਕਬੂਲ ਕਰ ਲਈਏ। ਕਾਸ਼ ਕਿ ਅਸੀਂ ਕਦੇ ਵੀ ਇਸ ਵਿਚੋਂ ਬਾਹਰ ਨਾ ਨਿਕਲੀਏ; ਹੋਣ ਦੇ ਕਿ ਅਸੀਂ ਹਮੇਸ਼ਾ ਆਪਣੇ ਪੂਰੇ ਦਿਲਾਂ ਨਾਲ ਇਸਦਾ ਆਦਰ ਕਰੀਏ।

3 ਅਸੀਂ ਉਸਦੇ ਲਈ ਤੇਰਾ ਧੰਨਵਾਦ ਕਰਦੇ ਹਾਂ ਜੋ ਤੂੰ ਅੱਜ ਸਵੇਰ ਉਨ੍ਹਾਂ ਲਈ ਕੀਤਾ ਜਿਹੜੇ ਹਸਪਤਾਲ ਵਿਚ ਹਨ, ਅਤੇ ਅਸੀਂ ਉਸਦੇ ਲਈ ਵੀ ਤੇਰਾ ਧੰਨਵਾਦ ਕਰਦੇ ਹਾਂ ਜੋ ਤੂੰ ਭਾਈ ਕੈਪਸ ਦੇ ਮੁੰਡੇ ਲਈ ਕਿੱਤਾ ਜੋ ਕਿ ਲੇਟਿਆ ਹੋਇਆ, ਲੱਗਭੱਗ ਮਰ ਰਿਹਾ ਸੀ, ਅਤੇ ਅੱਜ ਰਾਤ ਉਹ ਇੱਥੇ ਸਭਾ ਵਿੱਚ ਹੈ। ਪਿਤਾ, ਅਸੀਂ ਇਨ੍ਹਾਂ ਸਾਰੀਆਂ ਗੱਲਾਂ ਲਈ, ਤੇਰਾ ਕਿੰਨਾ ਧੰਨਵਾਦ ਕਰਦੇ ਹਾਂ!

4 ਪ੍ਰਭੂ, ਇਹ ਬਖਸ਼ ਦੇ ਕਿ ਅਸੀਂ ਇਹ ਜਾਣ ਜਾਈਏ ਕਿ ਅਸੀਂ ਕਿਸ ਤਰ੍ਹਾਂ ਤੈਨੂੰ ਮਹਿਮਾ ਦੇਣੀ ਹੈ। ਅਸੀਂ ਬਸ…ਇਹ ਜਾਨਣਾ ਸਾਡੀ ਸਮਝ ਤੋਂ ਦੂਰ ਹੈ ਕਿ ਅਸੀਂ ਤੇਰੀ ਵਡਿਆਈ ਕਿਸ ਤਰ੍ਹਾਂ ਕਰੀਏ। ਪਰ, ਪ੍ਰਭੂ, ਸਾਡੇ ਦਿਲਾਂ ਨੂੰ

ਧੰਨਵਾਦ ਦੇ ਚਿਨ੍ਹ ਦੇ ਰੂਪ ਵਿੱਚ ਕਬੂਲ ਕਰ ਲੈ, ਕਿ ਅਸੀਂ ਤੈਨੂੰ ਪਿਆਰ ਕਰਦੇ ਹਾਂ। ਅਤੇ ਜਦ ਅਸੀਂ—ਅਸੀਂ ਉਹ ਹੀ ਕਰਨਾ ਚਾਹੁੰਦੇ ਹਾਂ ਜੋ ਸਹੀ ਹੈ, ਤੂੰ ਸਾਨੂੰ ਵਿਖਾ ਕਿ ਕੀ ਕਰਨਾ ਹੈ। ਅਸੀਂ ਇਹ ਬੇਨਤੀ ਯਿਸੂ ਮਸੀਹ ਦੇ ਨਾਂ ਵਿੱਚ ਮੰਗਦੇ ਹਾਂ। ਅਮੀਨ।

ਤੁਸੀਂ ਬੈਠ ਸਕਦੇ ਹੋ।

5 ਅੱਜ ਰਾਤ ਇਸ ਖਚਾ—ਖਚ ਭਰੇ ਹੋਏ ਚਰਚ ਨੂੰ ਅਤੇ ਉਨ੍ਹਾਂ ਨੂੰ ਜਿਹੜੇ ਬਾਹਰ ਦੇਸ਼ ਵਿਚ ਇਸਨੂੰ ਟੇਲੀਫ਼ੋਨ ਰਾਹੀਂ ਸੁਣ ਰਹੇ ਹਨ ਸ਼ੁਭ ਸ਼ਾਮ। ਉਹ ਕਹਿੰਦੇ ਹਨ ਕਿ ਉਹ ਅੱਜ ਰਾਤ ਫਿਰ ਟੇਲੀਫ਼ੋਨ ਦੁਆਰਾ ਸਾਡੇ ਨਾਲ ਜੁੜੇ ਹੋਏ ਹਨ।

ਮੈਨੂੰ ਆਸ ਹੈ ਕਿ ਮੇਰੀ ਪਤਨੀ ਵੀ ਇਸਨੂੰ ਸੁਣ ਰਹੀ ਹੋਵੇਗੀ। ਮੈਂ ਉਸਨੂੰ ਫੋਨ ਨਹੀ ਕਰ ਸਕਿਆ ਸੀ, ਇਸ ਲਈ ਇਸ ਸੰਗਤੀ ਤੋਂ ਬਾਅਦ ਮੈਂ ਉਸਨੂੰ ਟੇਲੀਫ਼ੋਨ ਕਰਾਂਗਾ।

6 ਅਤੇ ਸਾਡੇ ਕੋਲ ਇੱਥੇ ਇੱਕ ਲੇਖ ਹੈ ਕਿ ਅੱਜ ਸਵੇਰ ਭਾਈ ਜੈਕਸਨ ਦੇ ਭਾਈ...ਜਾਂ ਪਿਤਾ ਦੀ ਹਾਲਤ ਵਿਚ, ਇਨ੍ਹਾਂ ਸੁਧਾਰ ਹੋਇਆ ਹੈ, ਕਿ ਸ਼ਾਇਦ ਉਹ ਕਲ ਘਰ ਜਾ ਸਕਣ।

7 ਭਾਈ ਕੈਪਸ ਦੇ ਬੇਟੇ, ਜਿਹਦੇ ਲਈ ਉਸਨੇ ਕਿਸੇ ਦੂਸਰੇ ਦਿਨ ਮੈਨੂੰ ਫੋਨ ਕਰਕੇ ਬੁਲਾਇਆ, ਮੈਨੂੰ ਨਹੀ ਪਤਾ ਕਿ ਭਾਈ ਕੈਪਸ ਇਸ ਜਗ੍ਹਾ ਹਾਜਰ ਹਨ ਜਾਂ ਨਹੀ, ਅਤੇ ਉਹਨਾਂ ਦਾ ਬੇਟਾ ਬਹੁਤ ਬੀਮਾਰ ਸੀ।

ਅਤੇ ਇਸ ਤਰ੍ਹਾਂ ਹੋਇਆ ਕਿ ਯੂਸਫ ਅਤੇ ਮੈਂ ਗੋਲੀਆਂ ਦੇ ਨਿਸ਼ਾਨੇ ਲਗਾਉਣ ਵਾਲੀ ਜਗ੍ਹਾ ਤੇ ਗਏ ਹੋਏ ਸੀ ਅਤੇ ਮੈਂ ਆਪਣੀ ਟਵੰਟੀ ਟੂ ਬੰਦੂਕ ਤਿਆਰ ਕਰ ਰਿਹਾ ਸੀ। ਮੈਂ ਤੁਹਾਨੂੰ ਇਹ ਗੱਲਾਂ ਪਿਛਲੇ ਹਫਤੇ ਦੱਸੀਆਂ ਸਨ। ਅਤੇ ਉਹ ਅਸਲ ਵਿੱਚ ਬਹੁਤ ਵਧੀਆ ਨਿਸ਼ਾਨਾ ਲਗਾਉਣ ਜਾ ਰਿਹਾ ਸੀ। ਅਤੇ ਉਹ ਪੱਕਾ ਹੋਣਾ ਚਾਹੁੰਦਾ ਸੀ ਅਤੇ ਜੋ ਉਸਨੇ ਕੀਤਾ ਉਹ ਗੈਰੀ ਅਤੇ ਲੈਰੀ ਨੂੰ ਵਿਖਾਉਣਾ ਚਾਹੁੰਦਾ ਸੀ। ਅਤੇ ਉਸਨੇ ਵਾਪਿਸ ਆਉਂਦੇ ਸਾਨੂੰ ਦੱਸਿਆ... ਮੈਂ ਕਿਹਾ, "ਤੈਨੂੰ ਰੁੱਕ ਕੇ—ਇਹਦੇ ਬਾਰੇ ਵਿੱਚ ਭਾਈ ਜੀਨ ਨੋਰਮਨ ਨੂੰ ਦੱਸਣਾ ਚਾਹੀਦਾ ਸੀ।"

ਉਸਨੇ ਕਿਹਾ, "ਰੁਕ ਜਾ ਅਤੇ ਇਸਦੇ ਬਾਰੇ ਵਿਚ ਪਹਿਲਾਂ ਬਿਲੀ, ਆਪਣੇ ਭਰਾ ਨੂੰ ਦਸ।"

ਜਦ ਉਹ ਉਸਨੂੰ ਕੁਝ ਵਧੀਆ ਨਿਸ਼ਾਨੇ ਲਗਾ ਕੇ ਵਿਖਾ ਚੁੱਕਾ, ਤਾਂ ਉਸਨੇ ਕਿਹਾ, "ਹੁਣ ਇਸਨੂੰ ਮੇਰੇ ਪੈਰਾਂ ਤੋਂ ਦੂਰ ਰੱਖ ਦੇ।" ਸਮਝੇ?

8 ਅਤੇ ਜਿਉਂ ਹੀ ਅਸੀਂ ਉੱਥੇ ਪਹੁੰਚੇ, ਟੇਲੀਫ਼ੋਨ ਦੀ ਘੰਟੀ ਵੱਜੀ, ਅਤੇ ਬਿਲੀ ਪੁਛਣ ਲਈ ਅੰਦਰ ਦੌੜਿਆ...ਮੈਂ ਕਿਹਾ, "ਹੋ ਸਕਦਾ ਹੈ ਕਿ ਇਹ ਕਿਸੇ ਬੀਮਾਰ ਦਾ ਫੋਨ ਹੋਵੇ।" ਅਤੇ ਬਸ ਅਸੀਂ ਅੰਦਰ ਆਏ, ਅਤੇ ਇਹ ਭਾਈ ਕੈਪਸ ਦਾ ਫੋਨ ਸੀ। ਅਤੇ ਉਸ ਛੋਟੇ ਮੁੰਡੇ ਨੂੰ ਪੈਰੀਟੋ—ਨਾਈਟਸ ਨਾਂ ਦੀ ਬਿਮਾਰੀ ਸੀ, ਅਤੇ ਉਸਦੇ ਬੱਚਣ ਦੀ ਉਮੀਦ ਬਹੁਤ ਹੀ ਘੱਟ ਸੀ। ਅਤੇ ਖੁਦਾ ਨੇ ਉਸਨੂੰ ਚੰਗਾ ਕਰ ਦਿੱਤਾ ਹੈ। ਅਤੇ ਭੈਣ ਵੁਡ ਕਿਸੇ ਰਾਤ ਮੈਨੂੰ ਦੱਸ ਰਹੀ ਸੀ ਕਿ ਉਹ ਲੜਕਾ ਕਹਿ ਰਿਹਾ ਸੀ ਕਿ ਉਸਦੇ ਕਿਸੇ ਕਿਸਮ ਦੀ ਦਰਦ ਹੋ ਰਹੀ ਹੈ। ਅਤੇ ਅਸੀਂ ਉੱਥੇ ਜਲਦੀ ਜਲਦੀ ਜਾ ਰਹੇ ਸੀ ਅਤੇ ਮੈਂ ਬਸ...ਮੈਂ ਕਿਹਾ, "ਭੈਣ ਵੁਡ, ਹੁਣ ਬਹੁਤ ਦੇਰ ਹੋ ਗਈ ਹੈ, ਰਾਤ ਦੇ ਦੱਸ ਵੱਜ ਗਾਏ ਹਨ, ਅਤੇ ਸ਼ਾਇਦ ਉਹ ਮੈਨੂੰ ਹਸਪਤਾਲ ਦੇ ਅੰਦਰ ਨਾ ਜਾਣ ਦੇਣ।" ਮੈਂ ਕਿਹਾ, "ਮੈਂ ਘਰ ਜਾ ਰਿਹਾ ਹਾਂ ਅਤੇ ਦਰਵਾਜਾ ਬੰਦ ਕਰ ਲਵਾਂਗਾ।" ਅਤੇ ਮੈਂ ਘਰ ਪਹੁੰਚਿਆ ਅਤੇ ਦੁਆ ਕੀਤੀ। ਅਤੇ ਉਹ ਦੱਸਦੇ ਹਨ ਕਿ ਉਹ ਛੋਟਾ ਲੜਕਾ ਅੱਜ ਰਾਤ ਇੱਥੇ ਸੰਗਤੀ ਵਿਚ ਹੈ। ਇਸ ਲਈ ਅਸੀਂ ਬਹੁਤ ਧੰਨਵਾਦੀ ਹਾਂ। ਅਤੇ ਅਸੀ ਰਿਣੀ ਹਾਂ।

9 ਹੁਣ ਅਸੀਂ ਰੁਕੇ ਹੋਏ ਹਾਂ; ਅਸੀਂ ਹਾਲੇ ਨਹੀ ਸੁਣਿਆ ਹੈ। ਕੀ ਭਾਈ ਲਿਓ ਮਰਸੀਅਰ ਅਤੇ ਭੈਣ ਮਰਸੀਅਰ ਸੁਣ ਰਹੇ ਹਨ, ਅਸੀਂ ਹਾਲੇ ਤੱਕ ਤੁਹਾਡੇ ਪਿਤਾ ਬਾਰੇ ਨਹੀ ਸੁਣਿਆ ਹੈ। ਅਸੀਂ ਉਮੀਦ ਕਰਦੇ ਹਾਂ ਕਿ ਥੋੜੀ ਦੇਰ ਬਾਅਦ ਅਸੀਂ ਉਨ੍ਹਾਂ ਬਾਰੇ ਜਾਣਾਂਗੇ ਕਿ ਉਨ੍ਹਾਂ ਦਾ ਕੀ ਹਾਲ ਹੈ। ਪਰ ਮੈਂ ਲੱਗ—ਭੱਗ ਪੱਕਾ ਹਾਂ ਕਿ ਉਹ ਠੀਕ ਹੋਣਗੇ, ਇਸ ਲਈ ਅਸੀਂ ਸਰਵ—ਸ਼ਕਤੀਮਾਨ ਪ੍ਰਮੇਸ਼ਵਰ ਤੇ ਭਰੋਸਾ ਕਰਦੇ ਹਾਂ ਕਿ ਪ੍ਰਮੇਸ਼ਵਰ ਹੀ ਉਸ ਪਿਆਰੇ, ਬਜੁਰਗ ਸੰਤ ਅਤੇ ਖੁਸ਼ਖਬਰੀ ਦੇ ਤਜੁਰਬੇਕਾਰ ਦੀ ਰਾਖੀ ਕਰਨਗੇ।

10 ਹੁਣ, ਔਹ, ਹੋਰ ਬਹੁਤ ਸਾਰੀਆਂ ਗੱਲਾਂ ਹਨ ਜਿਹਨਾਂ ਨੂੰ ਕਰਨ ਦੀ ਲੋੜ ਹੈ, ਪਰ ਉਨ੍ਹਾਂ ਨੂੰ ਕਰਨ ਲਈ ਬਹੁਤ ਥੋੜਾ ਸਮਾਂ ਹੈ, ਅਤੇ ਹੁਣ ਜੋ ਕੁਝ ਅਸੀਂ ਪ੍ਰਭੂ ਲਈ ਕਰ ਰਹੇ ਹਾਂ ਉਸ ਲਈ ਆਪਣੇ ਸਾਰੇ ਯਤਨ ਲਗਾ ਦੇਈ।

11 ਮੈਂ ਥੋੜਾ ਛੇਤੀ ਆ ਗਿਆ। ਅਤੇ ਮੈਂ—ਮੈਂ ਬਹੁਤ ਵਧੀਆ ਮਹਿਸੂਸ ਨਹੀ ਕਰ ਰਿਹਾ ਹਾਂ। ਮੈਂ ਥੱਕ ਗਿਆ ਸੀ, ਅਤੇ ਮੈਂ ਇਸ ਦੁਪਹਿਰ ਬਾਅਦ ਲੇਟ ਗਿਆ ਸੀ। ਅਤੇ...ਮੈਂ ਹਾਲੇ ਆਪਣਾ ਰਾਤ ਦਾ ਖਾਣਾ ਵੀ ਨਹੀ ਖਾਧਾ ਹੈ। ਇਸ ਲਈ ਮੈਂ—ਮੈਂ ਅੰਦਰ ਗਿਆ ਅਤੇ ਬਸ ਸਾਰੀ ਦੁਪਹਿਰ ਲੰਮਾ ਪਿਆ ਰਿਹਾ। ਮੈਨੂੰ ਠੀਕ ਨਹੀ ਲੱਗ ਰਿਹਾ ਸੀ, ਇਸ ਲਈ ਮੈਂ ਲੇਟ ਗਿਆ ਸੀ। ਅਤੇ ਫਿਰ ਦੁਆ ਕੀਤੀ ਅਤੇ ਮੈਨੂੰ ਵਧੀਆ ਮਹਿਸੂਸ ਹੋਇਆ। ਅਤੇ ਮੈਂ ਉਠਿਆ, ਆਪਣੇ ਕਪੜੇ ਪਾਏ ਅਤੇ ਚਰਚ ਵਿਚ ਆ ਗਿਆ।

12 ਇਸ ਲਈ ਅਸੀਂ—ਅਸੀਂ ਹੁਣ ਅਸੀਂ ਪ੍ਰਭੂ ਯਿਸੂ ਤੇ ਵਿਸ਼ਵਾਸ ਕਰ ਰਹੇ ਹਾਂ ਕਿ ਅੱਜ ਰਾਤ ਉਹ ਸਾਡੇ ਯਤਨਾਂ ਨੂੰ ਬਰਕਤ ਦੇਵੇਗਾ, ਜਿਵੇਂ ਕਿ ਅਸੀਂ ਇੱਥੇ ਦੇਸ਼ ਭਰ ਤੋਂ ਇੱਕਠੇ ਹੋ ਕੇ ਮਸੀਹ ਦੀ ਦੇਹ ਦੇ ਇਸ ਭਾਗ ਨਾਲ ਜੁੜਨ ਦੀ ਕੋਸ਼ਿਸ਼ ਕਰ ਰਹੇ ਹਾਂ ਜਿੱਥੇ ਮੈਨੂੰ ਅਧਿਕਾਰ ਦਿੱਤਾ ਗਿਆ ਹੈ ਕਿ ਉਸ ਦੀਆਂ ਭੇਡਾਂ ਨੂੰ ਖਲਾਵਾਂ। ਅਤੇ ਸਭ ਤੋਂ ਵਧਿਆ ਇਹ ਕਰਾਂਗਾ ਕਿ ਮੇਰੀ ਸਮਝ ਮੁਤਾਬਕ ਜਿਹੜਾ ਭੋਜਨ ਉਸਦੀ ਭੇਦ ਲਈ ਸਹੀ ਹੈ, ਉਸਨੂੰ ਉਹ ਹੀ ਦਿਆਂਗਾ।

ਅਤੇ ਮੈਂ ਉਸ ਸਮੇਂ ਲਈ ਬੜੀ ਬੇਸਬਰੀ ਨਾਲ ਉਡੀਕ ਕਰ ਰਿਹਾ ਹਾਂ ਜਿੱਥੇ ਅਸੀਂ ਸਾਰੇ ਇੱਕ ਜਗ੍ਹਾ ਤੇ ਇੱਕਠੇ ਹੋ ਸਕਦੇ ਹਾਂ ਅਤੇ ਉਨ੍ਹਾਂ ਸੱਤ ਬਵਾਂ, ਅਤੇ ਸੱਤ ਕਟੋਰਿਆਂ ਅਤੇ ਸੱਤ ਤੁਰ੍ਹੀਆਂ ਅਤੇ ਹੋਰ ਦੂਸਰੀਆਂ ਗੱਲਾਂ ਤੇ ਪ੍ਰਚਾਰ ਕਰੀਏ। ਇਹ ਸਭ ਕੁਝ ਇੱਕਠੇ ਹੀ ਵਾਪਰਦਾ ਹੈ। ਇਹ ਹੀ ਕਾਰਨ ਹੈ ਕਿ ਜੇ ਅਸੀਂ ਇਸ ਲਈ ਸੰਗਤੀ ਕਰੀਏ ਤਾਂ ਸਾਨੂੰ ਇੱਕ ਹਫਤਾ ਜਾਂ ਦਸ ਦਿਨ ਜਾਂ ਇਸ ਤੋਂ ਵੀ ਵੱਧ ਸਮਾਂ ਚਾਹੀਦਾ ਹੈ ਕਿ ਇਸਦਾ ਖੁਲਾਸਾ ਕਰੀਏ, ਜੇ ਅਸੀਂ ਕਰ ਸਕੇ ਤਾਂ। ਮੈਂ ਸੋਚਦਾ ਹਾਂ ਇਹ ਕਾਫੀ ਹੋਵੇਗਾ।

13 ਹੁਣ, ਤੁਹਾਡੇ ਵਿੱਚੋਂ ਬਹੁਤ ਸਾਰੇ ਦੂਰ ਤੋਂ ਸਫਰ ਕਰ ਕੇ ਆਏ ਹਨ। ਮੈਂ ਉਧਰ ਵੇਖਦਾ ਹਾਂ, ਅਤੇ ਮੈਂ ਥੋੜਾ ਸਮਾਂ ਪਹਿਲਾਂ, ਉਨ੍ਹਾਂ ਝੁੰਡਾਂ ਨੂੰ ਵੇਖਿਆ, ਜਿਹੜੇ ਟਿਊਸਨ ਤੋਂ ਹਨ। ਸ਼੍ਰੀਮਤੀ ਸੋਥਮੈਨ, ਮੈਂ ਵੇਖਦਾ ਹਾਂ ਕਿ ਭਾਈ ਫਰੇਡ ਠੀਕ ਥਕ ਪਹੁੰਚ ਗਏ ਹਨ। ਮੈਂ ਉਨ੍ਹਾਂ ਨੂੰ ਇਸ ਸਵੇਰ ਸੰਗਤ ਵਿਚ ਵੇਖਿਆ ਸੀ। ਅਤੇ ਮੈਂ ਸੋਚਦਾ ਹਾਂ ਕਿ ਭਾਈ ਡਾਨਰੁਡ੍ਲ ਉਥੇ ਉਹਨਾਂ ਦੇ ਪਿਛੇ ਬੈਠੇ ਹੋਏ ਹਨ। ਮੈਂ ਭਾਈ ਡਾਨ ਨੂੰ ਅੰਦਰ ਵੇਖ ਕੇ ਬਹੁਤ ਖੁਸ਼ ਹਾਂ। ਅਤੇ ਜੂਨਿਯਰ, ਕੀ ਜੂਨਿਯਰ ਇੱਥੇ ਹੈ, ਜਾਂ ਉਹ ਆਪਣੇ ਚਰਚ ਵਿਚ ਹਨ? ਮੇਰਾ ਅਨੁਮਾਨ ਹੈ ਕਿ ਅੱਜ ਰਾਤ ਉਹ ਆਪਣੇ ਗਿਰਜੇ ਵਿਚ ਹੀ ਇਸਨੂੰ ਟੇਲੀਫ਼ੋਨ ਰਾਹੀ ਸੁਣ ਰਹੇ ਹਨ।

ਸੋ, ਤੁਸੀਂ ਸਭ ਭਾਈ, ਅਸੀਂ ਬਹੁਤ ਖੁਸ਼ ਹਾਂ ਕਿ ਅੱਜ ਰਾਤ ਤੁਸੀਂ ਇੱਥੇ ਸਾਡੇ ਨਾਲ ਹੋ, ਅਤੇ ਅਸੀਂ ਪ੍ਰਭੂ ਤੇ ਇਹੀ ਭਰੋਸਾ ਕਰਦੇ ਹਾਂ ਕਿ ਜਦ ਸਾਡੇ ਜੀਵਨ ਦੇ ਦਿਨ ਖਤਮ ਹੋ ਜਾਂਦੇ ਹਨ, ਅਤੇ ਸਾਡੇ ਮਰਣਹਾਰ ਜੀਵਨ ਦੀ ਜੋਤ ਬੁਝ ਜਾਂਦੀ ਹੈ, ਤਾਂ ਸਾਨੂੰ ਕਿਸੇ ਵੀ ਬੁਰਾਈ ਦਾ ਡਰ ਨਹੀ—ਹੋਵੇਗਾ...।

14 ਮੇਰੇ ਕੋਲ ਏਰਿਜ਼ੋਨਾ ਪ੍ਰੇਸਕੋਟ ਤੋਂ—ਤੋਂ, ਤੁਹਾਡੇ ਲਈ ਇੱਕ ਸੂਚਨਾ ਹੈ। ਭਾਈ ਕੋਗਿਨ੍ਸ ਹੁਰਾਂ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਹੈ। ਇਸ ਲਈ ਅਸੀਂ ਬਹੁਤ ਧੰਨਵਾਦੀ ਹਾਂ। ਬਹੁਤ ਵਧੀਆ। ਇਹ ਬਹੁਤ ਚੰਗਾ ਹੈ। ਭੈਣ ਮਰਸੀਅਰ, ਹੁਣ ਤੁਹਾਡੇ ਪਿਤਾ ਬਿਲਕੁਲ ਚੰਗੇ ਹੋ ਰਹੇ ਹਨ। ਦੁਆ ਕਰਨ ਤੋਂ

ਬਾਦ ਮੈਂ ਬਸ ਇਹ ਮਹਿਸੂਸ ਕੀਤਾ, ਕਿ ਉਹ ਬਿਲਕੁਲ ਚੰਗੇ ਹੋ ਜਾਣਗੇ। ਇਸ ਲਈ ਸ਼ਾਇਦ ਉਹ ਇਸ ਸੰਦੇਸ਼ ਨੂੰ ਸੁਣ ਰਹੇ ਹੋਣ; ਮੈਨੂੰ ਉਮੀਦ ਹੈ ਉਹ ਸੁਣ ਰਹੇ ਹੋਣਗੇ, ਅਤੇ ਮੈਂ ਸੋਚਦਾ ਹਾਂ ਉਹ ਸੁਣ ਰਹੇ ਹਨ। ਅਸੀਂ ਇਸ ਲਈ ਬਹੁਤ ਧੰਨਵਾਦੀ ਹਾਂ ਕਿ ਸਾਡਾ ਭਾਈ—ਭਾਈ ਹੁਣ ਬਿਲਕੁਲ ਠੀਕ ਹੈ, ਅਤੇ ਉਹ ਬਿਲਕੁਲ ਚੰਗਾ ਹੋਣ ਜਾ ਰਿਹਾ ਹੈ।

15 ਕੱਲ ਰਾਤ ਸਾਡੇ ਇੱਕ ਪਿਆਰੇ ਭਾਈ ਦੀ ਬੇਨਤੀ ਸੀ; ਮੈਂ ਸੋਚਦਾ ਹਾਂ ਕਿ ਉਹ ਅੱਜ ਰਾਤ ਇੱਥੇ ਸਾਡੇ ਵਿਚਕਾਰ ਨਹੀ ਹੈ। ਕੰਨਟਕੀ ਦੇ ਇੱਕ ਭਾਈ ਨੇ, ਮੈਨੂੰ ਆਪਣੀ ਬੇਟੀ ਲਈ ਦੁਆ ਕਰਨ ਲਈ ਫੋਨ ਕੀਤਾ ਸੀ। ਉਸਦਾ ਇੱਕ ਪਿਆਰਾ ਪਰਿਵਾਰ ਹੈ ਅਤੇ ਕੁੜੀ—ਕੁੜੀ ਦਾ ਓਪਰੇਸ਼ਨ ਹੋਣ ਵਾਲਾ ਸੀ, ਉਹ ਇੱਕ ਜਵਾਨ ਮਾਂ ਹੈ ਜਿਸਦੀ ਪਿਠ ਵਿਚ ਕੈਂਸਰ ਹੋ ਗਿਆ ਹੈ। ਅਸੀਂ—ਅਸੀਂ ਦੁਆ ਕੀਤੀ ਸੀ ਕਿ ਪ੍ਰਮੇਸ਼ਵਰ ਇਸ ਜਵਾਨ ਭੈਣ ਨੂੰ ਮੁਕਤ ਕਰੇ। ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਮੁਕਤ ਕਰੇਗਾ, ਜੇ ਅਸੀਂ ਬਸ...।

ਅਸੀਂ ਸਾਰੀ ਸੰਗਤ ਇੱਕਠੇ ਹੋ ਕੇ ਇਨ੍ਹਾਂ ਸਾਰਿਆਂ ਲਈ ਮਿਲ ਕੇ ਪ੍ਰਾਰਥਨਾ ਕਰਦੇ ਹਾਂ। ਇੱਕ ਇਕਾਈ ਦੇ ਰੂਪ ਵਿੱਚ ਸਾਨੂੰ ਇਹ ਹੀ ਕਰਨਾ ਚਾਹੀਦਾ ਹੈ। ਜਿਵੇਂ...

16 ਜਿਵੇਂ ਕਿ ਦਿਨ ਨੇੜੇ ਅਤੇ ਹੋਰ ਨੇੜੇ ਆ ਰਹੇ ਹਨ, ਅਤੇ ਰਾਹ ਹੋਰ ਤੰਗ ਹੋ ਰਿਹਾ ਹੈ, ਸਾਨੂੰ—ਸਾਨੂੰ ਇੱਕ ਦੂਸਰੇ ਦੇ ਨੇੜੇ ਆਉਣਾ ਚਾਹੀਦਾ ਹੈ। ਮੇਰੇ ਪ੍ਰਭੂ, ਅਸੀਂ ਇੱਕ ਹੋਣਾ ਹੈ, ਇੱਕ ਦੇਹ ਬਣਨਾ ਹੈ। ਅਸੀਂ ਇੱਕਠੇ ਹੋ ਕੇ ਚਲਣਾ ਹੈ, ਅਤੇ ਜਰੂਰ ਹੈ ਕਿ ਇੱਕ ਦੂਸਰੇ ਦੀਆਂ ਗਲਤੀਆਂ ਨੂੰ ਅਤੇ ਭਿੰਨ ਭੇਤਾਂ ਨੂੰ ਭੁਲਾ ਦੇਈਏ ਅਤੇ ਇੱਕ ਦੂਸਰੇ ਦੇ ਹੋਰ ਨੇੜੇ, ਹੋਰ ਨੇੜੇ, ਬਹੁਤ ਨੇੜੇ ਆ ਜਾਈਏ ਜਦ ਕਿ ਅਸੀਂ ਉਸ ਦਿਨ ਨੂੰ ਆਉਂਦੇ ਹੋਇਆਂ ਵੇਖਦੇ ਹਾਂ। ਆਪਸ ਵਿਚ ਇੱਕਠੇ ਹੁੰਦੇ ਰਹੀਏ ਅਤੇ ਇੱਕ ਮਨ ਅਤੇ ਇੱਕ ਚਿੱਤ ਹੋਈਏ। ਅਤੇ ਜੇ ਕੋਈ ਭਾਈ, ਜਾਂ ਭੈਣ ਕਿਸੇ ਤਰ੍ਹਾਂ ਰਾਹ ਤੋਂ ਲਾਂਭੇ ਹੁੰਦਾ ਹੈ, ਤਾਂ ਤੁਸੀਂ ਉਸ ਭਾਈ ਲਈ ਹੋਰ ਕੁਝ ਤਾਂ ਦੁਆ ਜਰੂਰ ਕਰੋ, ਪਿਆਰ ਵਿਚ ਹਮੇਸ਼ਾ ਇੱਕ ਦੂਜੇ ਦੀ ਦੇਖਭਾਲ ਕਰੋ। ਆਪਣੇ—ਆਪਣੇ ਵਿਚੋਂ ਕਦੇ ਵੀ ਕਿਸੇ ਨੂੰ ਵੀ ਜਾਣ ਨਾ ਦਿਉ। ਇੱਕਠੇ ਮਿਲ ਕੇ ਰਹੋ। ਅਤੇ, ਜੇ ਤੁਸੀਂ ਕਰ ਸਕੋ, ਤਾਂ ਹਮੇਸ਼ਾ ਹੋਰ ਲੋਕਾਂ ਨੂੰ, ਹਰ ਵੇਲੇ ਜੋੜਦੇ ਰਹੋ।

17 ਭਾਈ ਨੇਵਿਲ, ਮੈਨੂੰ ਤੁਹਾਡੀ ਬੇਨਤੀ ਜੋ ਭਾਈ ਰਾਇਟ, ਭਾਈ ਜਾਰਜ ਰਾਇਟ ਦੇ ਬਾਰੇ ਵਿਚ ਜੋ ਇੱਥੇ ਬੈਠੇ ਹਨ ਮਿਲ ਗਈ ਹੈ। ਅਸੀਂ ਖੁਸ਼ ਹਾਂ ਕਿ ਭਾਈ ਰਾਇਟ, ਅਤੇ ਭੈਣ ਰਾਇਟ ਇੱਥੇ ਹਨ...। ਛੋਟੀ ਏਡਿਥ, ਮੈਂ...ਇੱਕ

ਦਿਨ ਜਦ ਅਸੀਂ ਆਉਂਦੇ ਹਾਂ, ਅਸੀਂ ਇੱਥੇ ਇੱਕ ਛੋਟੀ ਜਿਹੀ ਯਾਦਗਿਰੀ ਦੀ ਮੀਟਿੰਗ ਕਰਨਾ ਚਾਹੁੰਦੇ ਹਾਂ।

ਮੈਂ ਏਡਿਥ ਲਈ ਪਿੱਛੇ ਨਹੀ ਗਿਆ ਸੀ ਅਤੇ ਉਹ ਚਲੀ ਗਈ ਸੀ। ਪ੍ਰੰਤੂ, ਭੈਣ ਰਾਇਟ, ਕੀ ਤੁਹਾਨੂੰ ਉਹ ਸੁਪਨਾ ਯਾਦ ਹੈ ਜਿਹੜਾ ਉਸਨੇ ਕੁਝ ਸਾਲ ਪਹਿਲਾਂ ਵੇਖਿਆ ਸੀ। ਅਤੇ ਮੈਂ ਤੁਹਾਨੂੰ ਦੱਸਿਆ ਸੀ, ਮੈਂ ਕਿਹਾ ਸੀ, "ਛੋਟੀ ਏਡਿਥ ਸਾਡੇ ਨਾਲ ਹੁਣ ਬਹੁਤ ਸਮਾਂ ਨਹੀ ਰਹੇਗੀ," ਕਿਉਂਕਿ ਪ੍ਰਭੂ ਨੇ ਉਸ ਸੁਪਨੇ ਦੇ ਰਾਹੀਂ ਜੋ ਉਸਨੇ ਵੇਖਿਆ ਸੀ, ਪਹਿਲਾਂ ਹੀ ਦੱਸ ਦਿੱਤਾ ਸੀ ਕਿ ਉਹ ਜਾ ਰਹੀ ਹੈ। ਅਤੇ ਮੈਨੂੰ ਇਸਦਾ ਅਨੁਵਾਦ ਮਿਲਿਆ ਸੀ, ਜੋ ਇਹ ਸੀ, ਕਿ ਉਹ ਪ੍ਰਮੇਸ਼ਵਰ ਨੂੰ ਮਿਲਣ ਜਾ ਰਹੀ ਹੈ। ਲੱਗਭੱਗ ਦੋ ਸਾਲ ਬਾਦ, ਉਹ ਪ੍ਰਭੂ ਨੂੰ ਮਿਲਣ ਲਈ ਚਲੀ ਗਈ। ਹੁਣ ਉਹ ਆਪਣੇ ਮਾਂ ਬਾਪ ਦੀ ਅਵਿਨਾਸ਼ੀ ਅਤੇ ਵਿਨਾਸ਼ਕਾਰੀ ਰੇਖਾ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

18 ਪ੍ਰਭੂ ਤੁਹਾਨੂੰ ਬਰਕਤ ਦੇਵੇ। ਸੰਭਵ ਹੋ ਸਕੇ ਤਾਂ, ਮੈਂ ਤੁਹਾਨੂੰ ਸਭ ਨੂੰ ਸਾਹਮਣੇ ਵੇਖਣਾ ਚਾਹੁੰਦਾ ਹਾਂ। ਅਤੇ ਪ੍ਰਮੇਸ਼ਵਰ ਸ਼ੈਲ੍ਬੀ ਨਾਲ ਅਤੇ ਤੁਹਾਡੇ ਨਾਲ, ਅਤੇ ਸਾਰਿਆਂ ਨਾਲ ਹੋਵੇ। ਮੈਂ ਸੋਚਿਆ ਮੈਂ ਅੱਜ ਸਵੇਰੇ ਸ਼ੈਲ੍ਬੀ ਨੂੰ ਵੇਖਿਆ ਸੀ; ਪਰ ਮੈਂ ਪੱਕਾ ਨਹੀ ਸੀ।

ਤੁਸੀਂ ਇੱਥੋਂ ਉਪਰੋਂ ਲੋਕਾਂ ਨੂੰ ਨਹੀ ਵੇਖ ਸਕਦੇ ਹੋ; ਛੱਤ ਇਸ ਤਰ੍ਹਾਂ ਹੇਠਾਂ ਨੂੰ ਹੈ, ਅਤੇ ਇਹ ਇਸ ਤਰ੍ਹਾਂ ਰੋਸ਼ਨੀ—ਰੋਸ਼ਨੀ ਪਾਉਂਦੀ ਹੈ। ਤੁਸੀਂ ਨਿਸ਼ਾਨ ਵੇਖ ਸਕਦੇ ਹੋ, ਪਰ ਤੁਸੀਂ ਲੋਕਾਂ ਨੂੰ ਵਧੀਆ ਤਰ੍ਹਾਂ ਨਹੀ ਵੇਖ ਸਕਦੇ।

19 ਹੁਣ, ਸਿਧੇ ਸੰਦੇਸ਼ ਵਿੱਚ ਚੱਲੀਏ। ਇਸ ਸੰਦੇਸ਼ ਲਈ ਮੈਂ ਗਿਣਤੀ 19:9 ਅਤੇ ਅਫਸੀਆਂ 5:26 ਪੜ੍ਹਨਾ ਚਾਹੁੰਦਾ ਹਾਂ। ਅਤੇ ਤੁਸੀਂ ਜਿਹੜੇ ਵਿਸ਼ੇ ਆਦਿ ਲਿਖ ਰਹੇ ਹੋ, ਇਸਨੂੰ ਲਿਖ ਸਕਦੇ ਹੋ।

20 ਅਤੇ ਹੁਣ ਯਾਦ ਰੱਖੋ, ਜੇ ਇਹ ਟੇਪ ਹੋ ਰਿਹਾ ਹੈ…ਮੈਨੂੰ ਨਹੀ ਪਤਾ। ਮੈਂ ਕਿਸੇ ਨੂੰ ਟੇਪ ਕਰਦੇ ਨਹੀ ਵੇਖ ਰਿਹਾ ਹਾਂ। ਹਾਂ, ਮੈਂ ਵੇਖਦਾ ਹਾਂ, ਭਾਈ ਟੈਰੀ ਨੂੰ ਉੱਥੇ—ਉੱਥੇ ਰਿਕਾਰਡਿੰਗ ਦੇ ਕਮਰੇ ਵਿਚ ਵੇਖ ਰਿਹਾ ਹਾਂ। ਅਤੇ ਜੇ ਇਹ ਰਿਕਾਰਡਿੰਗ ਹੋ ਰਿਹਾ ਹੈ; ਅਤੇ ਇਹ ਕਿਸੇ ਵੇਲੇ, ਕਿਸੇ ਜਗ੍ਹਾ, ਕਿਸੇ ਸੇਵਕ ਨੂੰ ਮਿਲਦੀ ਹੈ ਤਾਂ ਤੁਹਾਡੀਆਂ ਸਿੱਖਿਆਵਾਂ ਦਾ ਨਿਰਾਦਰ ਕਰਨਾ ਨਹੀ ਹੈ, ਇੱਥੋਂ ਤੱਕ ਕਿ ਇਹ ਤੁਹਾਡੀਆਂ ਭੇਡਾਂ ਲਈ ਵੀ ਨਹੀ ਹੈ। ਇਹ ਸੰਦੇਸ਼, ਅਤੇ ਹੋਰ ਸੰਦੇਸ਼ ਜਿਹੜੇ ਮੈਂ ਪ੍ਰਚਾਰ ਕੀਤੇ ਹਨ, ਇਹ ਮੇਰੀ ਸੰਗਤੀ ਲਈ ਹਨ। ਇਹ ਤੁਹਾਡੀ ਸੰਗਤੀ ਲਈ ਨਹੀ ਹਨ ਜੱਦ ਤੱਕ ਕਿ ਉਹ ਇਸਨੂੰ ਕਬੂਲ ਨਾ ਕਰਨਾ ਚਾਹੁਣ। ਪਰ ਇਹ ਇੱਥੇ ਦੇ ਲੋਕਾਂ ਲਈ ਹਨ।

21 ਲੋਕ ਇਹਨਾਂ ਟੇਪਾਂ ਨੂੰ ਖਰੀਦਦੇ ਹਨ। ਸਾਰੀ ਦੁਨੀਆਂ ਵਿੱਚ ਲੋਕ ਇਸਨੂੰ ਖਰੀਦਦੇ ਹਨ ਅਤੇ ਸੁਣਦੇ ਹਨ। ਬਹੁਤ ਵਾਰ ਉਹ ਮੈਨੂੰ ਲਿਖਦੇ ਹਨ। ਅਤੇ ਮੈਂ ਹਮੇਸ਼ਾ ਹੀ ਉਨ੍ਹਾਂ ਨੂੰ ਕਹਿੰਦਾ ਹਾਂ ਕਿ, "ਤੁਸੀਂ ਆਪਣੇ ਪਾਸਟਰ ਕੋਲੋਂ ਪੁੱਛੋ।"

22 ਹੁਣ, ਪਾਸਬਾਨ, ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਗੱਲ ਨੂੰ ਜਾਣੋ, ਕਿ ਇਹ ਗੱਲਾਂ ਜਿਹੜੀਆਂ ਮੈਂ ਕਰਦਾ ਹਾਂ ਸਿਰਫ ਮੇਰੀ ਕਲੀਸਿਯਾ ਲਈ ਹੈ। ਅਤੇ ਮੈਨੂੰ ਇਹ ਕਰਨ ਦਾ ਅਧਿਕਾਰ ਹੈ ਕਿਉਂਕਿ ਪਵਿੱਤਰ ਆਤਮਾ ਨੇ ਮੈਨੂੰ ਇਨ੍ਹਾਂ ਭੇਡਾਂ ਦੀ ਰਖਵਾਲੀ ਲਈ ਨਿਯੁਕਤ ਕੀਤਾ ਹੈ। ਅਤੇ ਮੇਰੇ ਉੱਤੇ ਹਾਏ, ਜੇ ਮੈਂ ਉਨ੍ਹਾਂ ਨੂੰ ਉਹ ਨਹੀ ਦੱਸਦਾ ਹਾਂ ਜਿਹਦਾ ਮੈਨੂੰ ਪਤਾ ਹੈ ਕਿ ਸੱਚਾਈ ਕੀ ਹੈ, ਅਤੇ ਜਿਸ ਢੰਗ ਨਾਲ ਮੈਂ ਸੋਚਦਾ ਹਾਂ ਕਿ ਇਹ ਮੇਰੇ ਕੋਲ ਆਉਂਦਾ ਹੈ। ਪ੍ਰੰਤੂ ਇਹ ਦੁਨੀਆਂ ਜਾਂ ਬਾਕੀ ਚਰਚ ਲਈ ਨਹੀ ਹੈ। ਤੁਸੀਂ ਉਹ ਕਰੋ ਜੋ ਪ੍ਰਮੇਸ਼ਵਰ ਤੁਹਾਨੂੰ ਕਰਨ ਲਈ ਕਹਿੰਦਾ ਹੈ। ਮੈਂ ਤੁਹਾਡੇ ਲਈ ਜਵਾਬ ਨਹੀ ਦੇ ਸਕਦਾ ਹਾਂ, ਨਾ ਹੀ ਤੁਸੀਂ ਮੇਰੇ ਲਈ ਜਵਾਬ ਦੇ ਸਕਦੇ ਹੋ। ਪਰ ਸਾਨੂੰ ਹਰ ਇੱਕ ਨੂੰ ਆਪਣੀ—ਆਪਣੀ ਸੇਵਕਾਈ ਲਈ ਖੁਦਾ ਦੇ ਸਾਮਣੇ, ਜਰੂਰ ਜਵਾਬ ਦੇਣਾ ਪੈਣਾ ਹੈ । ਇਸ ਲਈ ਜੇ ਮੈਨੂੰ ਆਪਣੀ ਸੇਵਕਾਈ ਲਈ ਜਵਾਬ ਦੇਣਾ ਪੈਣਾ ਹੈ, ਅਤੇ ਫਿਰ ਜਰੂਰੀ ਹੈ ਕਿ ਮੈਂ ਉਸ ਤਰ੍ਹਾਂ ਪ੍ਰਚਾਰ ਕਰਾਂ ਜਿਸ ਤਰ੍ਹਾਂ ਮੈਂ ਇਸਨੂੰ ਸਮਝਦਾ ਹਾਂ ਅਤੇ ਜਿਸ ਢੰਗ ਨਾਲ ਇਹ ਮੇਰੇ ਉੱਤੇ ਪ੍ਰਗਟ ਕੀਤਾ ਜਾਂਦਾ ਹੈ। ਅਤੇ ਹੁਣ ਇਸ ਗੱਲ ਨੂੰ ਤੁਸੀਂ ਜਾਣ ਲਉ।

23 ਹੁਣ ਗਿਣਤੀ 19:9, ਅਸੀਂ ਇਹ ਵਿਸ਼ਾ ਜਾਂ ਅਸਲ ਵਿੱਚ ਇਹ ਵਚਨ ਪੜ੍ਹਨਾ ਚਾਹੁੰਦੇ ਹਨ।

*ਅਤੇ ਕੋਈ ਸ਼ੁੱਧ ਮਨੁੱਖ ਗਾਂ ਦੀ ਸੁਆਹ ਇੱਕਠੀ ਕਰੇ ਅਤੇ ਉਹ ਨੂੰ ਡੇਰੇ ਤੋਂ ਬਾਹਰ ਸ਼ੁੱਧ ਅਸਥਾਨ ਵਿੱਚ ਰੱਖੇ ਅਤੇ ਉਹ ਇਸਰਾਏਲੀਆਂ ਦੀ ਮੰਡਲੀ ਲਈ...(ਹੁਣ ਧਿਆਨ ਦਿਉ)। ਕਿਉਂਕਿ ਉਹ ਇਸਰਾਏਲੀਆਂ ਦੀ ਮੰਡਲੀ ਲਈ ਅਸ਼ੁੱਧਤਾਈ ਦੂਰ ਕਰਨ ਦਾ ਜਲ ਕਰਕੇ ਰੱਖੀ: ਇਹ ਪਾਪ ਦੀ ਭੇਂਟ ਹੈ।*

24 ਧਿਆਨ ਦਿਉ, ਹਰ ਕਿਸੇ ਲਈ ਨਹੀ, ਹੁਣ, "ਇਸਰਾਏਲੀਆਂ ਦੀ ਮੰਡਲੀ ਲਈ; ਅਸ਼ੁੱਧਤਾਈ ਦੂਰ ਕਰਨ ਦਾ ਜਲ ਹੈ।"

ਹੁਣ, ਅਫਸੀਆਂ 5 ਬਾਬ ਦੀ 22 ਆਇਤ ਤੋਂ ਪੜ੍ਹਨਾ ਸ਼ੁਰੂ ਕਰਾਂਗੇ।

*ਹੇ ਪਤਨੀਓ, ਤੁਸੀ ਆਪਣਿਆਂ ਪਤੀਆਂ ਦੇ ਅਧੀਨ ਹੋਵੋ ਜਿਵੇਂ ਪ੍ਰਭੂ ਦੇ*

*ਕਿਉਂ ਜੋ ਪਤੀ ਪਤਨੀ ਦਾ ਸਿਰ ਹੈ ਜਿਵੇਂ ਮਸੀਹ ਵੀ ਕਲੀਸਿਯਾ ਦਾ ਸਿਰ ਹੈ। ਉਹ ਤਾਂ ਆਪ ਦੇਹੀ ਦਾ ਬਚਾਉਣ ਵਾਲਾ ਹੈ।*

*ਪਰ ਤਾਂ ਵੀ ਜਿਸ ਪ੍ਰਕਾਰ ਕਲੀਸਿਯਾ ਮਸੀਹ ਦੇ ਅਧੀਨ ਹੈ ਇਸੇ ਪ੍ਰਕਾਰ ਪਤਨੀਆਂ ਹਰ ਗੱਲ ਵਿੱਚ ਆਪਣਿਆਂ ਪਤੀਆਂ ਦੇ ਅਧੀਨ ਹੋਣ।*

*ਪਤੀਓ ਆਪਣੀਆਂ ਪਤਨੀਆਂ ਨਾਲ ਪਿਆਰ ਕਰੋ ਜਿਵੇਂ ਮਸੀਹ ਨੇ ਵੀ ਕਲੀਸਿਯਾ ਨਾਲ ਪਿਆਰ ਕੀਤਾ ਅਤੇ ਆਪਣੇ ਆਪ ਨੂੰ ਉਹ ਦੇ ਲਈ ਦੇ ਦਿੱਤਾ।*

ਹੁਣ ਇੱਥੇ ਹੈ ਜੋ ਮੈਂ ਕਹਿਣਾ ਚਾਹੁੰਦਾ ਹਾਂ।

*ਭਈ ਉਸਨੂੰ ਵਚਨ ਦੇ ਨਾਲ ਜਲ ਦੇ ਅਸ਼ਨਾਨ ਨਾਲ ਸ਼ੁੱਧ ਕਰਕੇ ਪਵਿਤਰ ਕਰੇ।*

25 ਹੁਣ, ਅੱਜ ਰਾਤ ਮੇਰਾ ਛੋਟਾ ਜਿਹਾ ਵਿਸ਼ਾ, ਜੋ ਮੈਂ ਇਸਨੂੰ ਵਿਸ਼ਾ ਕਹਾਂ। ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਜਿਹੜੇ ਲੋਕ ਇੱਥੇ ਹਨ, ਅਤੇ ਬਾਹਰ ਟੇਲੀਫ਼ੋਨ ਤੇ ਇਸਨੂੰ ਸੁਣ ਰਹੇ ਹਨ, ਇਸਦਾ ਅਨਾਦਰ ਨਹੀ ਕਰਨਗੇ ਅਤੇ ਇਹ ਨਹੀ ਸੋਚਣਗੇ ਕਿ ਇਹਦਾ ਅਰਥ ਤਾਂ ਧਰਮ ਦੀ ਨਿੰਦਾ ਹੈ। ਭਾਵੇਂ, ਕਿ ਇਸ ਤਰ੍ਹਾਂ ਦਾ ਵਿਸ਼ਾ ਲੈਣਾ, ਧਰਮ ਦੀ ਨਿੰਦਾ ਲੱਗਦਾ ਹੈ। ਵਿਸ਼ਾ ਜਿਹੜਾ ਅੱਜ ਰਾਤ ਮੈਂ ਲੈ ਰਿਹਾ ਹਾਂ, ਉਹ ਹੈ: *ਇੱਕ ਵਿਚਾਰਸ਼ੀਲ ਮਨੁੱਖ ਦੀ ਛਾਨਣੀ।* ਇਹ ਵਿਸ਼ਾ ਉਸ ਪ੍ਰਚਾਰਕ ਲਈ ਜਿਹੜਾ ਸਿਗਰਟ ਪੀਣ ਦਾ ਵਿਰੋਧ ਕਰਦਾ ਹੈ, ਬੜਾ ਹੀ ਉਗਰ ਲੱਗਦਾ ਹੈ ਕਿ ਉਹ ਕਿਸ ਤਰ੍ਹਾਂ ਇਸ ਤਰ੍ਹਾਂ ਦਾ ਵਿਸ਼ਾ ਲਵੇ, *ਇੱਕ ਵਿਚਾਰਸ਼ੀਲ ਮਨੁੱਖ ਦੀ ਛਾਨਣੀ।* ਇਸ ਤਰ੍ਹਾਂ ਹੋਇਆ, ਕਿ ਕਿਸੇ ਸਵੇਰ ਮੈਂ ਗਲਿਹਰੀਆਂ ਦਾ ਸ਼ਿਕਾਰ ਕਰਨ ਗਿਆ ਹੋਇਆ ਸੀ।

26 ਤੁਸੀਂ ਲੋਕ ਜਿਹੜੇ ਇਸਨੂੰ ਰੇਡੀਓ ਪ੍ਰਸਾਰਣ ਤੇ—ਤੇ, ਜਾਂ ਟੇਲੀਫ਼ੋਨ ਰਾਹੀਂ ਸੁਣ ਰਹੇ ਹੋ, ਕਾਸ਼ ਤੁਸੀਂ ਇਸ ਸੰਗਤੀ ਦੇ ਚਿਹਰਿਆਂ ਦੇ ਹਾਵ—ਭਾਵ ਵੇਖ ਸਕਦੇ ਹੁੰਦੇ ਜਦ ਮੈਂ ਆਪਣਾ ਵਿਸ਼ਾ ਦੱਸਿਆ, ਹੋ ਸਕਦਾ ਹੈ ਕਿ ਤੁਹਾਨੂੰ ਵੀ ਇਸ ਤੇ ਹਾਸਾ ਆਉਂਦਾ। *ਇੱਕ ਵਿਚਾਰਸ਼ੀਲ ਮਨੁੱਖ ਦੀ ਛਾਨਣੀ।*

27 ਅਛਾ, ਇਹ ਸਭ ਉੱਥੇ ਹੋਇਆ ਜਿੱਥੇ ਇੱਕ ਸਵੇਰ ਪ੍ਰਭੂ ਦੇ ਦੂਤ ਮੈਂ ਵਿਖਾਲੀ ਦਿੱਤੇ ਸਨ, ਅਤੇ ਫਿਰ ਉਹਨਾਂ ਗਲਿਹਰੀਆਂ ਨੂੰ ਵਚਨ ਬੋਲ ਕੇ ਹੋਂਦ ਵਿੱਚ ਲਿਆਂਦਾ ਗਿਆ ਸੀ। ਤੁਹਾਨੂੰ ਸਾਰਿਆਂ ਨੂੰ ਯਾਦ ਹੋਵੇਗਾ ਜਦ ਇਹ ਹੋਇਆ ਸੀ। ਅਤੇ, ਸੱਤ ਕਲਿਸਿਆਈ ਯੁੱਗਾਂ ਦੇ ਪ੍ਰਚਾਰ ਤੋਂ ਪਹਿਲਾਂ ਇੱਕ ਸਵੇਰ...ਜਦੋਂ ਮੈਂ ਦਿਨ ਚੜ੍ਹਨ ਤੋਂ ਪਹਿਲਾਂ ਸ਼ਿਕਾਰ ਤੇ ਜਾ ਰਿਹਾ ਸੀ। ਮੈਂ ਉੱਥੇ ਖੜਾ ਸੀ...ਮੈਂ ਸੋਚਿਆ ਕਿ ਸੂਰਜ ਚੜ੍ਹ ਰਿਹਾ ਹੈ, ਸਵੇਰ ਦਾ ਲੱਗ—ਭੱਗ ਚਾਰ ਵਜੇ ਦਾ ਸਮਾਂ ਸੀ। ਇਹ ਇੱਕ ਅਜੀਬ ਗੱਲ ਸੀ; ਮੈਂ ਉਸ ਰੋਸ਼ਨੀ ਨੂੰ ਵੇਖਿਆ ਅਤੇ ਪਿਛੇ ਮੁੜਿਆ, ਅਤੇ ਉੱਥੇ ਪਹਾੜ ਦੀ ਚੋਟੀ ਤੇ ਸੋਨੇ ਦੇ ਸੱਤ

ਸ਼ਮਾਦਾਨ ਸਨ, ਜਿਸ ਵਿੱਚ ਸਤਰੰਗੀ ਪੀਂਘ ਹੇਠਾਂ ਤੋਂ ਉੱਪਰ ਜਾ ਰਹੀ ਸੀ, ਅਤੇ ਉਨ੍ਹਾਂ ਸ਼ਮਾਦਾਨਾਂ ਨੂੰ ਰੋਸ਼ਨੀ ਦੇ ਰਹੀ ਸੀ।

28 ਇਸ ਤੋਂ ਇੱਕ ਦਮ ਬਾਦ, ਸਾਡੇ ਤੇ ਪ੍ਰਭੂ ਯਿਸੂ ਮਸੀਹ ਪ੍ਰਗਟ ਹੋਇਆ। ਅਤੇ ਫਿਰ ਮੈਂ ਇੱਕ ਅਵਾਜ ਸੁਣੀ ਜਿਸਨੇ ਕਿਹਾ, "ਪੁਰਾਣੇ ਨੇਮ ਦਾ ਯਹੋਵਾਹ ਨਵੇਂ ਨੇਮ ਦਾ ਯਿਸੂ ਹੈ।" ਅਤੇ ਉਨ੍ਹਾਂ ਸੱਤ ਸੋਨੇ ਦੇ ਸ਼ਮਾਦਾਨਾਂ ਨੂੰ ਪ੍ਰਗਟ ਕਰਨ ਤੋਂ ਬਾਦ ਉਹ ਉੱਥੇ ਸੀ। ਫਿਰ ਮੈਂ ਉਸ ਤੇ ਧਿਆਨ ਦਿੱਤਾ ਸੀ। ਕਿੰਨਿਆਂ ਨੂੰ ਉਹ ਵਿਸ਼ਾ ਯਾਦ ਹੈ? ਅਤੇ ਮੈਂ ਇਸਨੂੰ ਕਾਰਤੂਸ ਦੇ ਡੱਬੇ—ਦੇ ਡੱਬੇ—ਦੇ ਡੱਬੇ ਪਿਛੇ ਲਿਖ ਲਿਆ ਸੀ ਜੋ ਮੇਰੀ ਜੇਬ ਵਿੱਚ ਸੀ। "ਪੁਰਾਣੇ ਨੇਮ ਦਾ ਯਹੋਵਾਹ ਨਵੇਂ ਨੇਮ ਦਾ ਯਿਸੂ ਹੈ।" ਸਵਰਗ ਦਾ ਪ੍ਰਮੇਸ਼ਵਰ ਜਾਣਦਾ ਹੈ ਕਿ ਇਹ ਸਚ ਹੈ।

29 ਫਿਰ ਮੈਂ ਉਸ ਥਾਂ ਥਾਣੀ ਲੰਘਿਆ, ਜਿੱਥੇ ਉਹ ਗਲਿਹਰੀਆਂ ਦੇ ਬਾਰੇ ਵਿਚ ਮੇਰੇ ਉਤੇ ਪ੍ਰਗਟ ਹੋਇਆ ਸੀ।

30 ਫਿਰ ਉਸ ਤੋਂ ਕੁਝ ਮਹੀਨੇ ਬਾਅਦ ਮੈਂ ਆਪਣੇ ਇੱਕ ਭਲੇ ਮਿੱਤਰ ਜੈਕਮੂਰ ਨੂੰ ਸੱਦਿਆ ਸੀ, ਜਦੋਂ ਮੈਂ ਕਲੀਸਿਯਾ ਦੇ ਸੱਤ ਯੁੱਗ, ਪ੍ਰਕਾਸ਼ ਦੀ ਪੋਥੀ ਇੱਕ ਤੇ ਪ੍ਰਚਾਰ ਕਿੱਤਾ ਸੀ। ਅਤੇ ਉਹ ਪੂਰੀ ਤਰ੍ਹਾਂ ਸਫੇਦ ਸੀ; ਉਸਦੇ ਵਾਲ ਉਨ੍ਹ ਵਰਗੇ ਸਨ। ਇਹ ਕਿਵੇਂ ਹੋ ਸਕਦਾ ਸੀ ਕਿ ਉਹ ਤਾਂ ਹਾਲੇ ਤੇਤੀ ਸਾਲ ਦਾ ਹੀ ਸੀ ਅਤੇ ਤਾਂ ਵੀ ਉਹ ਪੂਰੀ ਤਰ੍ਹਾਂ ਸਫੇਦ ਸੀ। ਅਤੇ ਭਾਈ ਮੂਰ, ਬਹੁਤ ਹੀ ਚੰਗੇ ਅਤੇ ਸਭਿਅਕ ਮਸੀਹੀ ਸੱਜਣ ਅਤੇ ਬਾਈਬਲ ਵਿਚ ਉਨ੍ਹਾਂ ਉਚ ਵਿਦਵਾਨਾਂ ਵਿਚੋਂ ਇੱਕ ਹਨ ਜਿਨ੍ਹਾਂ ਨੂੰ ਮੈਂ ਜਾਣਦਾ ਹਾਂ; ਅਤੇ ਉਸ ਨੇ ਕਿਹਾ, "ਭਾਈ ਬ੍ਰਾਨਹਾਮ, ਇਹ ਪ੍ਰਭੂ ਯਿਸੂ ਆਪਣੇ ਮਹਿਮਾ ਵਾਲੇ ਸ਼ਰੀਰ ਵਿਚ ਸੀ। ਬਿਲਕੁਲ ਇਸੇ ਤਰ੍ਹਾਂ ਉਹ ਹੁਣ ਵਿਖਾਈ ਦਿੰਦਾ ਹੈ।" ਪਰ ਇਸ ਨਾਲ ਮੈਨੂੰ ਸੰਤੁਸ਼ਟੀ ਨਹੀ ਹੋਈ। ਅਤੇ ਮੈਂ ਦੁਆ ਕਰਦਾ ਰਿਹਾ ਜੱਦ ਤੱਕ ਕਿ ਇੱਕ ਦਿਨ...

31 ਇਸ ਤੋਂ ਪਹਿਲਾਂ ਕਿ ਮੈਂ ਸੱਤ ਕਲਿਸਿਆਈ ਯੁੱਗਾਂ ਦਾ ਅਧਿਐਨ ਸ਼ੁਰੂ ਕਰਾਇਆ, ਮੈਂ ਪਹਿਲੇ ਬਾਬ ਨੂੰ ਕਰਮਵਾਰ ਨਾ ਕਰ ਸਕਿਆ। ਕਿਸ ਤਰ੍ਹਾਂ ਇੱਕ ਆਦਮੀ ਜੋ ਕਿ ਤੇਤੀ ਸਾਲ ਦਾ ਹੈ, ਉਹ ਉਸੇ ਦੇਹ ਵਿਚ ਮਰਿਆਂ ਹੋਇਆਂ ਵਿਚੋਂ ਜੀ ਉਠਿਆ ਅਤੇ ਚੇਲਿਆਂ ਨੇ ਉਸਨੂੰ ਪਛਾਣ ਲਿਆ, ਉਸਨੂੰ ਜਾਣ ਲਿਆ ਸੀ; ਅਤੇ ਕਿਸ ਤਰ੍ਹਾਂ ਹੁਣ ਉਹ ਇਸ ਸ਼ਕਲ ਵਿਚ ਹੋ ਸਕਦਾ ਸੀ, ਕਿ ਉਸਦਾ ਚਿਹਰਾ ਅੱਸੀ ਨੱਬੇ ਸਾਲ ਦੇ ਬਜੁਰਗ ਵਾਂਗੂੰ ਉਨ੍ਹ ਵਰਗੇ ਚਿੱਟੇ ਵਾਲ੍ਹਾਂ ਨਾਲ ਢੱਕਿਆ ਹੋਇਆ ਸੀ, ਅਤੇ ਉਸਦੀ ਦਾੜੀ ਬਰਫ਼ ਵਰਗੀ ਚਿੱਟੀ ਹੋਵੇ?

32 ਮੈਂ ਦਾਨਿਏਲ ਦੀ ਪੋਥੀ ਵਿਚ ਪੜ੍ਹਿਆ ਸੀ…ਕਿ “ਅੱਤ ਪ੍ਰਾਚੀਨ, ਆਉਂਦਾ ਹੈ ਜਿਹਦੇ ਵਾਲ ਉਨ੍ਹ ਵਰਗੇ ਸਨ।” ਫਿਰ ਮੈਂ ਉਸ ਪ੍ਰਾਚੀਨ ਨੂੰ ਵੇਖਿਆ। ਉਹੀ ਉਹ ਪ੍ਰਾਚੀਨ ਸੀ ਜੋ ਕੱਲ ਅੱਜ ਅਤੇ ਯੁੱਗੋ—ਯੁੱਗ ਇੱਕੋ ਜਿਹਾ ਹੈ। ਵੇਖਿਆ, ਇਹ ਤਾਂ ਇੱਕ ਚਿੰਨ੍ਹ ਸੀ।

ਚਿੱਟੀ ਉਨ੍ਹ ਹੀ ਕਿਉਂ ਸੀ, ਅਤੇ ਫਿਰ ਮੈਂ…ਇੰਝ ਲਗਦਾ ਸੀ ਕਿ ਪਵਿੱਤਰ ਆਤਮਾ ਮੇਰੇ ਨਾਲ ਗੱਲ ਕਰ ਰਿਹਾ ਹੈ ਜਦ ਮੈਂ ਇੱਕ ਵਾਰ ਇੱਕ ਪ੍ਰਾਚੀਨ ਜੱਜ ਦੀ ਤਸਵੀਰ ਵੇਖੀ ਸੀ। ਫਿਰ ਮੈਂ ਇਤਿਹਾਸ ਵਿਚ ਗਿਆ; ਮੈਂ ਪਿਛੇ ਬਾਈਬਲ ਆਦਿ ਦੇ ਇਤਿਹਾਸ ਵਿਚ ਗਿਆ ਤਾਂ ਕਿ ਇਸਨੂੰ ਲਭ ਸਕਾਂ। ਜਿਵੇਂ ਇਸਰਾਇਲ ਵਿਚ ਮਹਾਜਾਜਕ ਹੁੰਦਾ ਸੀ, ਇਸੇ ਤਰ੍ਹਾਂ ਪੁਰਾਣੇ ਜੱਜਾਂ ਦੇ ਚਿੱਟੇ ਉਨ੍ਹ ਵਰਗੇ ਵਾਲ ਅਤੇ ਦਾੜੀ ਹੁੰਦੀ ਸੀ ਕਿਉਂਕਿ ਚਿੱਟਾ ਰੰਗ ਇਹ ਦਰਸ਼ਾਉਂਦਾ ਹੈ ਕਿ ਉਹ ਇਸਰਾਇਲ ਵਿਚ ਸਾਰੇ ਜੱਜਾਂ ਦਾ ਸਰਵੋਤਮ ਅਧਿਕਾਰੀ ਹੈ।

ਅਤੇ ਇੱਥੋਂ ਤੱਕ ਕਿ ਅੱਜ ਵੀ ਕੁਝ ਸਾਲ ਪਹਿਲਾਂ – ਹੋ ਸਕਦਾ ਹੈ ਦੋ ਸੋ ਕੁ ਸਾਲ ਪਹਿਲਾਂ ਜਾਂ ਇਸ ਤੋਂ ਵੀ ਥੋੜਾ ਸਮਾਂ ਪਹਿਲਾਂ, ਅੰਗਰੇਜ ਜੱਜ ਚਿੱਟੀ ਵਿਗ ਪਾਉਂਦੇ ਹੁੰਦੇ ਸਨ, ਇਸ ਨਾਲ ਕੋਈ ਮਤਲਬ ਨਹੀ ਕਿ ਉਹ ਕਿੰਨ੍ਹੇ ਜਵਾਨ ਜਾਂ ਕਿੰਨ੍ਹੇ ਬੁਢੇ ਸਨ, ਜਦੋਂ ਕਦੇ ਵੀ ਉਹ ਨਿਆਂ ਕਰਨ ਜਾਂਦੇ, ਉਹ ਚਿੱਟੀ ਵਿਗ ਪਾਉਂਦੇ ਸਨ; ਤਾਂ ਕਿ ਇਹ ਵਿਖਾਉਣ ਕਿ ਉਸ ਰਾਜ ਵਿਚ ਉਨ੍ਹਾਂ ਦੇ ਸ਼ਬਦ ਤੋਂ ਵੱਧ ਕੋਈ ਹੋਰ ਅਧਿਕਾਰ ਨਹੀ ਹੈ। ਉਹਨਾਂ ਦਾ ਸ਼ਬਦ ਹੀ ਉਸ ਰਾਜ ਵਿੱਚ ਸਰਵ—ਉਤਮ ਸੀ। ਜੋ ਉਹ ਕਹਿੰਦੇ ਸਨ, ਬਸ ਉਹ ਹੀ ਹੁੰਦਾ ਸੀ।

33 ਅਤੇ ਹੁਣ, ਫਿਰ ਮੈਂ ਉਹ ਵੇਖਿਆ। ਉਹ ਉੱਥੇ ਖੜਾ ਸੀ, ਭਾਵੇਂ ਉਹ ਇੱਕ ਜਵਾਨ ਆਦਮੀ ਸੀ, ਪਰ ਫਿਰ ਵੀ ਉਸਨੇ ਚਿੱਟੀ ਵਿਗ ਪਾਈ ਹੋਈ ਸੀ। ਉਹ ਹੀ ਸਰਵੋਤਮ ਜੱਜ ਹੈ। ਉਹ ਵਚਨ ਸੀ। ਅਤੇ ਉਸਨੇ ਚਿੱਟੀ ਵਿਗ ਪਾਈ ਹੋਈ ਸੀ।

34 ਅਤੇ ਬਾਅਦ ਵਿਚ ਜਦ ਅਸੀਂ ਅਧਿਐਨ ਕੀਤਾ ਅਤੇ—ਅਤੇ ਸੰਦੇਸ਼ ਦਿੱਤਾ, ਅਤੇ ਪਛਮ ਵੱਲ ਗਏ, ਅਤੇ ਜਦ ਉੱਥੇ ਬਾਹਰ ਪ੍ਰਭੂ ਦੇ ਦੂਤ ਸੱਤਾਂ ਮੋਹਰਾਂ ਲਈ ਪ੍ਰਗਟ ਹੋਏ ਸਨ, ਅਤੇ ਉਹ ਉੱਪਰ ਹਵਾ ਵਿਚ ਗਏ ਸਨ (ਜਿਹਦੀ ਕਿ ਸਾਡੇ ਕੋਲ ਅਤੇ ਦੇਸ਼ ਭਰ ਵਿਚ ਫੋਟੋ ਹੈ)। ਉਹ ਉੱਥੇ ਹਾਲੇ ਵੀ ਸਰਵੋਤਮ ਅਧਿਕਾਰ ਵਾਲੀ ਚਿੱਟੀ ਸਿਗ ਪਾਏ ਹੋਏ ਖੜ੍ਹਾ ਸੀ। ਉਹ ਕਲੀਸਿਯਾ ਦਾ ਸਿਰ ਹੈ। ਉਹ ਹੀ ਦੇਹ ਦਾ ਸਿਰ ਹੈ। ਉਸਦੇ ਵਰਗਾ ਕਿਤੇ ਵੀ ਕੋਈ ਨਹੀ ਹੈ। “ਉਸਨੇ ਸਭ ਚੀਜਾਂ ਆਪਣੇ ਦੁਆਰਾ ਬਣਾਈਆਂ, ਉਸਨੇ ਸਭ ਚੀਜਾਂ ਆਪਣੇ ਲਈ ਬਣਾਈਆਂ, ਅਤੇ ਉਸਤੋਂ ਬਗੈਰ ਕੁਝ ਵੀ ਨਹੀ ਬਣਿਆ।” “ਸਵਰਗ ਅਤੇ ਧਰਤੀ ਦਾ ਅਧਿਕਾਰ ਉਸੇ ਦਾ ਹੀ ਹੈ।” ਅਤੇ ਸਭ ਕੁਝ

ਉਸੇ ਦਾ ਹੀ ਹੈ। “ਅਤੇ ਉਸ ਵਿਚ ਪਰਮੇਸ਼ੁਰਤਾਈ ਦੀ ਸਾਰੀ ਭਰਭੂਰੀ ਵਾਸ ਕਰਦੀ ਹੈ।” “ਅਤੇ ਵਚਨ ਪ੍ਰਮੇਸ਼ਵਰ ਸੀ ਅਤੇ ਸਾਡੇ ਵਿਚਕਾਰ ਦੇਹਧਾਰੀ ਹੋਇਆ।” ਉਹ ਇੱਕਲਾ ਹੀ ਸੀ ਜਿਸਨੇ ਛੁਟਕਾਰੇ ਦੀ ਸੰਪੂਰਨ ਯੋਜਨਾ ਪ੍ਰਗਟ ਕੀਤੀ ਸੀ, ਜਿਹੜੇ ਬਾਰੇ ਵਿਚ ਸਾਰੇ ਨਬੀਆਂ ਅਤੇ ਬੁਧਿਮਾਨਾਂ ਨੇ ਕਿਹਾ ਸੀ। ਉਹ ਹੀ ਇੱਕਲਾ ਸੀ ਜਿਸਨੇ ਵਿਗ ਪਾਈ ਹੋਈ ਸੀ ਅਤੇ ਉਹ ਸਰਵੋਤਮ ਅਧਿਕਾਰੀ ਸੀ।

35 ਹੁਣ, ਉਸ ਸਵੇਰ ਮੈਂ ਪਹਾੜ ਤੇ ਰੁਕਿਆ, ਅਤੇ ਮੈਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਉੱਥੇ ਗਲਿਹਰੀਆਂ ਕੱਟੀਆਂ ਗਈਆਂ ਹੋਣ। ਅਤੇ ਮੈਂ ਹੇਠਾਂ ਬੈਠਣਾ ਸ਼ੁਰੂ ਕੀਤਾ। ਅਤੇ ਮੈਨੂੰ ਉੱਥੇ ਆਏ ਹੋਏ ਥੋੜਾ ਸਮਾਂ ਹੀ ਹੋਇਆ ਸੀ, ਜਦ, ਮੈਂ ਝਾੜੀਆਂ ਨਾਲ ਟਕਰਾਇਆ, ਅਤੇ ਇੱਕ ਲੰਮਾ ਚੋੜਾ ਆਦਮੀਂ ਪੁਰਾਣੇ ਢੰਗ ਦੀ ਦੋ ਨਾਲੀ ਬੰਦੂਕ ਲੈ ਕੇ ਝਾੜੀਆਂ ਵਿਚੋ ਬਾਹਰ ਨਿਕਲਿਆ, ਅਤੇ ਇੰਝ ਲੱਗ ਰਿਹਾ ਸੀ ਕਿ ਮੈਂ ਦਿਨ ਦੇ ਚਾਨਣ ਵਿਚ ਹੀ ਬਹੁਤ ਡਰ ਗਿਆ ਸੀ। ਮੈਂ ਕਾਹਲੀ ਨਾਲ ਹੇਠਾਂ ਨੂੰ ਦੌੜ ਗਿਆ; ਮੈਂ ਤੁਰਨ ਤੋਂ ਡਰਦਾ ਸੀ ਕਿ ਉਹ ਮੈਨੂੰ ਗੋਲੀ ਨਾ ਮਾਰ ਦੇਵੇ। ਅਤੇ ਝਾੜੀਆਂ ਹਿਲ ਰਹੀਆਂ ਸਨ, ਮੈਂ ਚੁੱਪ ਕਰਕੇ ਉੱਥੇ ਬੈਠਾ ਰਿਹਾ।

36 ਇੱਕ ਗਲਿਹਰੀ ਨੇ ਪਹਾੜ ਉੱਤੇ ਚੜ੍ਹਨਾ ਸ਼ੁਰੂ ਕੀਤਾ, ਅਤੇ ਉਸ ਨੇ ਦੋ ਨਾਲੀ ਰਾਹੀ ਗੋਲੀਆਂ ਚਲਾਈਆਂ। ਉਸਦਾ ਨਿਸ਼ਾਨਾ ਖੁੰਝ ਗਿਆ ਅਤੇ ਗਲੇਹਰੀ ਪਹਾੜ ਉੱਤੋਂ ਹੇਠਾਂ ਨੂੰ ਚਲੀ ਗਈ। ਮੈਂ ਸੋਚਿਆ, “ਹੁਣ, ਮੈਂ ਇਥੋਂ ਦੂਰ ਚਲਾ ਜਾਵਾਂਗਾ, ਉੱਥੇ ਸਾਰੇ ਪਾਸੇ ਅਵਾਜ ਗੂੰਜ ਰਹੀ ਹੈ। ਉਸ ਦੀਆਂ ਬੰਦੂਕ ਦੀਆਂ ਗੋਲੀਆਂ ਖਤਮ ਹੋ ਗਈਆਂ ਹਨ।”

ਅਤੇ ਮੈਂ ਪਹਾੜ ਤੋਂ ਹੇਠਾਂ ਉਤਰਨਾ ਸ਼ੁਰੂ ਕੀਤਾ, ਅਤੇ ਉਸ ਆਦਮੀ ਨੇ ਬਿਲਕੁਲ ਮੇਰੇ ਸਾਹਮਣੇ ਹੀ ਗੋਲੀ ਚਲਾਈ। ਇਸਨੇ ਮੈਨੂੰ ਪਿਛੇ *ਇਸ* ਪਾਸੇ ਵੱਲ ਮੋੜ ਦਿੱਤਾ। ਅਤੇ ਹੋਰ ਰਸਤੇ ਰਾਹੀਂ ਹੇਠਾਂ ਆਉਣਾ ਸ਼ੁਰੂ ਕੀਤਾ, ਅਤੇ ਉਸ ਵੇਲੇ ਟਵੰਟੀ ਟੂ ਬੰਦੂਕ ਚੱਲਣ ਲੱਗੀ, ਅਤੇ ਗੋਲੀਆਂ ਮੇਰੇ ਉਤੋਂ ਦੀ ਤੇਜੀ ਨਾਲ ਨਿਕਲਣ ਲੱਗੀਆਂ। ਮੈਂ ਕਿਹਾ, “ਮੈਂ ਤਾਂ ਬੜੀ ਭਿਆਨਕ ਜਗ੍ਹਾ ਤੇ ਹਾਂ।”

37 ਇਸ ਲਈ ਮੈਂ ਪਿੱਛੇ ਮੁੜਿਆ ਅਤੇ ਨਦੀ ਦੇ ਨਾਲ ਦੀ ਤੁਰਨ ਲੱਗਾ। ਅਤੇ ਮੈਂ ਸੋਚਿਆ, “ਮੈਂ ਇੱਧਰ ਹੇਠਾਂ ਜਾਵਾਂਗਾ ਅਤੇ ਇੱਥੇ ਤਦ ਤੱਕ ਲੁਕਿਆ ਰਹਾਂਗਾ ਜਦ ਤੱਕ ਕਿ ਉਹ ਚਲੇ ਨਹੀ ਜਾਂਦੇ ਹਨ, ਫਿਰ ਮੈਂ ਬਾਹਰ ਆ ਸੱਕਦਾ ਹਾਂ।” ਅਤੇ ਜਦ ਮੈਂ ਉਸ ਪਾਸੇ ਵੇਖਿਆ, ਉੱਥੇ ਸਿਗਰੇਟ ਦਾ ਇੱਕ ਖਾਲੀ ਪੈਕਟ ਪਿਆ ਹੋਇਆ ਸੀ...ਜਿਹੜਾ ਉਨ੍ਹਾਂ ਵਿਚੋਂ ਕਿਸੇ ਨੇ ਸੁਟਿਆ ਸੀ, ਜਦੋਂ ਗਲੇਹਰੀਆਂ ਝਾੜੀਆਂ ਵਿਚ ਦੀ ਨਠ ਰਹੀਆਂ ਸਨ।

38 ਅਤੇ ਮੈਂ ਇਹ ਸਿਗਰਟ ਦਾ ਪੈਕਟ ਚੁਕਿਆ, ਅਤੇ ਵੇਖਿਆ...ਮੈਂ ਕਦੇ ਵੀ ਇਸਨੂੰ ਚੁੱਕਿਆ ਨਹੀ ਸੀ; ਮੈਂ ਤੁਹਾਡੇ ਕੋਲੋਂ ਮਾਫ਼ੀ ਮੰਗਣਾ ਚਾਹੁੰਦਾ ਹਾਂ। ਮੈਂ ਹੇਠਾਂ ਇਸ ਵੱਲ ਵੇਖਿਆ ਸੀ। ਅਤੇ ਮੈਂ ਉਸਨੂੰ ਚੁੱਕਿਆ ਨਹੀ ਸੀ, ਕਿਉਂਕਿ ਮੈਨੂੰ ਸ਼ੁਰੂ ਤੋਂ ਹੀ ਉਸਦੀ ਗੰਧ ਚੰਗੀ ਨਹੀ ਲੱਗਦੀ ਹੈ।ਅਤੇ ਮੈਂ ਉਸ ਵੱਲ ਵੇਖਿਆ, ਅਤੇ ਇਹ ਕਿਸੇ—ਕਿਸੇ ਤੰਬਾਕੂ ਕੰਪਨੀ ਦੀ ਸੀ, ਮੈਂ ਸੋਚਦਾ ਹਾਂ ਕਿ ਮੈਨੂੰ ਉਸਦਾ ਨਾਮ ਨਹੀ ਲੈਣਾ ਚਾਹੀਦਾ ਹੈ, ਪ੍ਰੰਤੂ ਤੁਹਾਨੂੰ ਪਤਾ ਲੱਗ ਜਾਵੇਗਾ। ਉਸਦੇ ਉੱਤੇ ਲਿਖਿਆ ਹੋਇਆ ਸੀ, “ਇੱਕ ਸਮਝਦਾਰ ਮਨੁੱਖ ਦੀ ਛਾਨਣੀ ਅਤੇ ਇੱਕ ਸਿਗਰੇਟ ਪੀਣ ਵਾਲੇ ਆਦਮੀ ਦਾ ਸਵਾਦ।”

ਮੈਂ ਉਸ ਵੱਲ ਵੇਖਿਆ ਅਤੇ ਸੋਚਿਆ, “ਇੱਕ ਸਮਝਦਾਰ ਮਨੁੱਖ ਦੀ ਛਾਨਣੀ?” ਮੈਂ ਸੋਚਿਆ, “ਜੇ ਉਹ ਮਨੁੱਖ ਸੋਚ ਸਕਦਾ ਤਾਂ ਉਹ ਬਿਲਕੁਲ ਕਦੇ ਵੀ ਸਿਗਰੇਟ ਨਹੀ ਪੀਵੇਗੀ। ਇਹ ‘ਇੱਕ ਸਮਝਦਾਰ ਆਦਮੀ ਦੀ ਛਾਨਣੀ’ ਕਿਸ ਤਰ੍ਹਾਂ ਹੋ ਸਕਦੀ ਹੈ? ਸਮਝਦਾਰ ਮਨੁੱਖ ਤਾਂ ਸਿਗਰੇਟ ਬਿਲਕੁਲ ਨਹੀ ਪੀਵੇਗਾ।” ਠੀਕ ਹੈ।

39 ਹੁਣ, ਮੈਂ ਸੋਚਿਆ, “ਇਹ ਕਿਨ੍ਹਾਂ ਧੋਖਾ ਹੈ!” ਹੁਣ, ਇਹ ਤੰਬਾਕੂ ਦੀਆਂ ਕੰਪਨੀਆਂ ਅਮਰੀਕਾ ਦੀਆਂ ਹਨ। ਅਤੇ ਔਹ, ਜੇ ਅਸੀਂ ਆਪਣੀ ਯੋਜਨਾ ਨਾਲ ਜਿਉਂਦੇ ਤਾਂ ਅਸੀਂ ਇੱਕ ਦੂਸਰੇ ਦੀ ਮਦਦ ਲਈ ਕੰਮ ਕਰ ਰਹੇ ਹੁੰਦੇ, ਜੇ ਸਾਡੇ ਵਿਚ ਇੱਕ ਦੂਸਰੇ ਲਈ ਇੱਕ ਦੂਸਰੇ ਲਈ ਭਾਵਨਾਵਾਂ ਹੁੰਦੀਆਂ। ਅਤੇ ਇਹ ਕਿੰਨਾ ਪਖੰਡ ਹੈ! ਮੈਂ ਤੰਬਾਕੂ ਕੰਪਨੀ ਦਾ ਨਾਮ ਕਿਉਂ ਨਹੀ ਲਿਆ, ਇਸਦਾ ਕਾਰਨ ਇਹ ਹੈ ਕਿ ਮੈਂ ਉਨ੍ਹਾਂ ਦੇ ਬਾਰੇ ਵਿੱਚ ਕੁਝ ਬੁਰੀਆਂ ਗੱਲਾਂ ਕਹਿਣੀਆਂ ਹਨ। ਅਤੇ ਪੈਸੇ ਕਮਾਉਣ ਲਈ ਕੋਈ ਆਦਮੀ ਕਿੰਨਾ, ਪਖੰਡੀ ਹੋ ਸਕਦਾ ਹੈ?

40 ਇੱਕ ਸਮਝਦਾਰ ਮਨੁੱਖ ਤਾਂ ਕਦੇ ਸਿਗਰੇਟ ਨਹੀ ਪੀਵੇਗਾ। ਪ੍ਰੰਤੂ ਅਮਰੀਕਾ ਦੇ ਲੋਕ ਕਿਵੇਂ ਇਹਦੇ ਲਈ ਡਿਗਦੇ ਹਨ; ਉਹ ਸੋਚਦੇ ਹਨ ਕਿ ਇਹ ਬਹੁਤ ਸ਼ਾਨਦਾਰ ਹੈ!

41 ਹੁਣ ਵੇਖੋ, ਤੁਸੀਂ ਨਹੀ ਕਰ ਸਕਦੇ, ਤੁਸੀਂ ਨਹੀ ਕਰ ਸਕਦੇ...ਤੁਸੀਂ ਕਿਸੇ ਵਿਗਿਆਨੀ ਨੂੰ ਪੁਛੋ...ਤੁਸੀਂ ਤਾਰਕੋਲ ਤੋਂ ਬਿਨਾਂ ਸਿਗਰੇਟ ਨਹੀ ਪੀ ਸਕਦੇ। ਜੇ ਥੋੜਾ ਜਿਹਾ ਵੀ ਧੂੰਆਂ ਅੰਦਰ ਆਉਂਦਾ ਹੈ ਤਾਂ ਇਹ ਤਾਰਕੋਲ ਹੀ ਹੈ। ਅਤੇ ਜੇ ਤੁਹਾਡੇ ਕੋਲ ਧੂੰਆਂ ਨਹੀ ਹੈ, ਤਾਂ ਚੰਗਾ, ਤੁਹਾਡੇ ਕੋਲ ਤਾਰਕੋਲ ਵੀ ਨਹੀ ਹੈ ਅਤੇ ਤੁਹਾਨੂੰ ਕੁਝ ਨਹੀ ਮਿਲਦਾ ਹੈ। ਫਿਰ ਤਾਂ ਤੁਸੀਂ ਇੱਕ ਸਖਤ ਡੰਡੀ ਨੂੰ ਖਿਚ ਰਹੇ ਹੋ। ਪਰ ਜਦ ਤੱਕ ਤੁਸੀਂ ਥੋੜਾ ਜਿਹਾ ਵੀ ਧੂੰਆਂ ਆਪਣੇ ਅੰਦਰ ਲੈ ਰਹੇ ਹੋ, ਤਾਂ ਤੁਸੀਂ ਆਪਣੇ ਅੰਦਰ ਨਿਕੋਟੀਨ, ਕੈਂਸਰ ਲੈ ਰਹੇ ਹੋ।

42 ਜੇ ਤੁਸੀਂ ਪਿਛਲੇ ਸਾਲ ਜਾਂ ਪਿਛਲੇ ਸਾਲ ਤੋਂ ਪਿਛਲੇ ਸਾਲ ਮੇਰੇ ਨਾਲ ਹੁੰਦੇ, ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਵਿਸ਼ਵ ਮੇਲੇ ਵਿਚ ਸੀ, ਜਦੋਂ ਯੂਲ ਬਰਾਏਨਰ ਅਤੇ ਉਨ੍ਹਾਂ ਸਾਰਿਆਂ ਨੇ ਮੁਜਾਹਰਾ ਕੀਤਾ ਸੀ। 'ਤੇ ਤੁਸੀਂ ਉਨ੍ਹਾਂ ਨੂੰ ਸਿਗਰੇਟ ਲੈਂਦੇ ਅਤੇ ਕਿਸੇ ਚੀਜ ਵਿਚ ਰਖਦੇ ਹੋਏ ਅਤੇ ਉਸਨੂੰ ਇੱਕ ਸੰਗਮਰਮਰ ਦੇ ਟੁਕੜੇ ਉੱਤੇ ਰਖਦੇ ਹੋਏ ਵੇਖ ਸੱਕਦੇ ਸੀ। ਅਤੇ ਡਾਕਟਰ ਨੇ ਇੱਕ ਰੂੰ ਲੈ ਕੇ ਉਸ ਨਾਲ ਨਿਕੋਟੀਨ ਬਾਹਰ ਕਢਿਆ ਅਤੇ ਉਸਨੂੰ ਇੱਕ ਚਿੱਟੇ ਚੂਹੇ ਦੀ ਪਿਠ ਉੱਤੇ ਰੱਖ ਦਿੱਤਾ, ਅਤੇ ਉਸ ਚੂਹੇ ਨੂੰ ਪਿੰਜਰੇ ਵਿਚ ਡੱਕ ਦਿੱਤਾ। ਅਤੇ ਹਰੇਕ ਸੱਤਵੇਂ ਦਿਨ ਉਹ ਉਸਨੂੰ ਬਾਹਰ ਕਢਦੇ। ਅਤੇ ਚੂਹੇ ਨੂੰ ਉਸ ਇੱਕ ਸਿਗਰੇਟ ਦੇ ਨਿਕੋਟੀਨ ਨਾਲ ਇੰਨਾਂ ਕੈਂਸਰ ਹੋ ਗਿਆ ਸੀ ਉਸ ਕੋਲੋਂ ਤੁਰਿਆ ਵੀ ਨਹੀ ਜਾਂਦਾ ਸੀ।

43 ਅਤੇ ਫਿਰ ਉਸਨੇ ਕਿਹਾ, "ਤੁਹਾਨੂੰ ਪਤਾ ਹੈ ਕਿ ਉਹ ਕਹਿੰਦੇ ਹਨ ਕਿ ਤੁਸੀਂ ਇਸਨੂੰ ਫਿਲਟਰ ਰਾਹੀਂ ਲੈ ਸਕਦੇ ਹੋ।" ਉਸਨੇ ਕਿਹਾ, "ਤੁਹਾਨੂੰ ਫਿਲਟਰ ਨਹੀ ਮਿਲ ਸਕਦਾ...ਜੇ ਕੋਈ ਅਜਿਹਾ ਫਿਲਟਰ ਹੈ ਜੋ ਨਿਕੋਟੀਨ ਨੂੰ ਬਾਹਰ ਰੱਖਦਾ ਤਾਂ ਉਹ ਧੂੰਏ ਨੂੰ ਵੀ ਬਾਹਰ ਰੱਖਦਾ ਹੈ," ਕਿਹਾ, "ਕਿਉਂਕਿ ਤੁਸੀਂ ਧੂੰਏ ਨੂੰ ਖਿੱਚਦੇ ਹੋ...ਧੂੰਆ ਬਣਨ ਲਈ ਤਾਰਕੋਲ ਹੁੰਦਾ ਹੈ, ਅਤੇ ਇਹ ਤਾਰਕੋਲ ਹੀ ਹੈ ਜਿਹਦੇ ਨਾਲ ਕੈਂਸਰ ਹੁੰਦਾ ਹੈ।"

44 ਅਤੇ ਫਿਰ ਉਹ ਅੱਗੇ ਵਧਿਆ, ਅਤੇ ਉਸਨੇ ਇਸਨੂੰ ਪਾਣੀ ਵਿਚੋਂ ਦੀ ਕਢਿਆ ਅਤੇ ਕਿਹਾ, "ਕਦੇ ਕਦੇ ਤੁਸੀਂ ਇਹ ਸੋਚਦੇ ਹੋ ਕਿ ਤੁਸੀਂ ਇਸਨੂੰ ਫਿਲਟਰ ਰਾਹੀਂ ਛਾਣ ਸੱਕਦੇ ਹੋ।" ਉਸਨੇ ਕਿਹਾ, "ਹਰ ਵਾਰ, ਇਸ ਨਾਲ ਕੋਈ ਮਤਲਬ ਨਹੀ ਕਿ ਤੁਸੀਂ ਇਸਨੂੰ ਕਿਸ ਵਿਚ ਦੀ ਹੋ ਕੇ ਪੀਂਦੇ ਹੋ।" ਕਿਹਾ, "ਉਹ ਕਹਿੰਦੇ ਹਨ, ਮੈਂ ਤਾਂ ਇਸਦਾ ਕਸ਼ ਨਹੀ ਲਗਾਇਆ ਹੈ, ਅਤੇ ਉਸਨੂੰ ਆਪਣੇ ਮੂੰਹ ਵਿਚ ਲੈ ਕੇ ਬਾਹਰ ਕਢ ਦਿੰਦਾ ਹੈ।" 'ਤੇ ਫਿਰ ਉਸਨੇ ਇਸਨੂੰ ਲਿਆ ਅਤੇ ਉਸਨੂੰ ਲਪੇਟਿਆ ਅਤੇ ਉਸਨੂੰ ਕਿਸੇ ਚੀਜ ਦੇ ਹੇਠਾਂ ਰੱਖਿਆ, ਇਹ ਵਿਖਾਇਆ ਕਿ ਇਹ ਹਾਲੇ ਵੀ ਕੈਂਸਰ ਸੀ। ਤੁਸੀਂ ਕੀ ਕਰ ਰਹੇ ਹੋ? ਇਸਨੂੰ ਆਪਣੇ ਗਲੇ ਦੇ ਹੇਠਾਂ ਤੱਕ ਨਿਗਲ ਰਹੇ ਹੋ। ਸਮਝੇ? ਕੋਈ ਮਤਲਬ ਨਹੀ ਭਾਵੇਂ ਤੁਸੀਂ ਕੁਝ ਵੀ ਕਰੋ ਇਹ ਹਾਲੇ ਵੀ ਮੌਤ ਹੀ ਹੈ। ਸਮਝੇ?

45 ਅਤੇ ਫਿਰ ਇਹ ਸੋਚੋ, ਕੰਪਨੀ ਮਨੁੱਖ ਨਾਲ ਇਨ੍ਹਾਂ ਧੋਖਾ ਕਰਦੀ ਹੈ ਜਾਂ ਆਪਣੇ ਹੀ ਲੋਕਾਂ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰਦੀ ਹੈ। ਇਹ ਇਸ ਤਰ੍ਹਾਂ ਹੈ ਜਿਵੇਂ ਇੱਕ ਇੱਲ ਆਪਣੀ ਹੀ ਜਾਤੀ ਨੂੰ ਖਾ ਕੇ ਜੀ ਰਹੀ ਹੋਵੇ। ਉਹ ਪੈਸੇ ਕਮਾ ਰਹੇ ਹਨ, ਅਤੇ ਦੇਸ਼ ਨੂੰ ਅਤੇ ਜਵਾਨਾਂ ਨੂੰ ਮੌਤ ਵੇਚ ਰਹੇ ਹਨ। ਅਤੇ ਉਨ੍ਹਾਂ ਸੈਨਿਕਾਂ ਨੂੰ ਜਿਹੜੇ ਯੁੱਧ ਦੇ ਮੈਦਾਨ ਵਿਚ ਜਾਂਦੇ ਹਨ ਅਤੇ ਉਨ੍ਹਾਂ ਲਈ ਮਰਦੇ

ਹਨ, ਅਤੇ ਇਹ ਕੰਪਨੀਆਂ ਬਦਲੇ ਵਿਚ ਉਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਚੀਜਾਂ ਝੂਠ, ਕਪਟ ਨਾਲ ਵੇਚ ਰਹੀਆਂ ਹਨ। "ਇੱਕ ਸਮਝਦਾਰ ਮਨੁੱਖ ਦੀ ਛਾਨਣੀ, ਪਰ ਇੱਕ ਸਿਗਰੇਟ ਪੀਣ ਵਾਲੇ ਆਦਮੀ ਦਾ ਸਵਾਦ।" ਇਹ ਸਵਾਦ ਲੈਣ ਲਈ ਤੁਹਾਨੂੰ ਸਿਗਰੇਟ ਪੀਣੀ ਪੈਣੀ ਹੈ। "ਇੱਕ ਸਿਗਰੇਟ ਪੀਣ ਵਾਲੇ ਮਨੁੱਖ ਦਾ ਸਵਾਦ।"

46 ਲੋਕ ਇਸ ਲਈ ਕਿਸ ਤਰ੍ਹਾਂ ਡਿਗ ਰਹੇ ਹਨ। ਉਹ ਇਸਨੂੰ ਲੈਂਦੇ ਹਨ। ਹੁਣ, ਇਹ ਤਾਂ ਸਿਰਫ ਤੁਹਾਨੂੰ ਹੋਰ ਧੋਖਾ ਦੇਣ ਲਈ ਹੈ। ਵੇਖੋ, ਇਹ ਸ਼ੈਤਾਨ ਵੱਲੋਂ ਹੈ। ਉਹਨਾਂ ਨੂੰ ਤੁਹਾਡੀ ਜਿੰਦਗੀ ਦੀ ਪ੍ਰਵਾਹ ਨਹੀ ਹੈ। ਉਨ੍ਹਾਂ ਕੋਲ ਤੁਹਾਡੇ ਲਈ ਕੋਈ ਭਾਵਨਾ ਨਹੀ ਹੈ। ਜਦ ਤੱਕ ਉਹਨਾਂ ਨੂੰ ਪੈਸਾ ਮਿਲਦਾ ਹੈ ਉਹ ਤੁਹਾਨੂੰ ਇਸ ਤਰ੍ਹਾਂ ਦੀਆਂ ਚੀਜਾਂ ਵੇਚਦੇ ਹਨ ਤਾਂ ਕਿ ਤੁਹਾਨੂੰ ਮਰਦਾ ਹੋਇਆ ਵੇਖਣ।

47 ਜਿਵੇਂ ਲੜਾਈ ਅਤੇ ਰਾਜਨੀਤੀ ਹੈ। ਮੈਂ ਲੜਾਈ ਵਿਚ ਵਿਸ਼ਵਾਸ ਨਹੀ ਕਰਦਾ ਹਾਂ। ਮੈਂ ਇਹ ਵਿਸ਼ਵਾਸ ਨਹੀ ਕਰਦਾ ਕਿ ਸਾਨੂੰ ਕਦੇ ਲੜਾਈ ਕਰਨੀ ਚਾਹੀਦੀ ਹੈ।

ਮੈਂ ਉਸ ਮਹਾਨ ਰਾਜ ਤੇ ਵਿਸ਼ਵਾਸ ਕਰਦਾ ਹਾਂ ਜਿਸਨੂੰ ਖੁਦ ਲਿਆ ਰਿਹਾ ਹੈ, ਇੱਕ ਮਹਾਨ ਸਭਿਅਤਾ ਉਸਦੇ ਆਪਣੇ ਮਹਾਨ ਰਾਜ ਦੇ ਅਧੀਨ ਲਿਆਂਦੀ ਜਾਵੇਗੀ; ਉੱਥੇ ਕਦੇ ਵੀ ਲੜਾਈ ਨਹੀ ਹੋਵੇਗੀ। ਕੋਮਾਂ, ਕੋਮਾਂ ਦੇ ਵਿਰੁਧ ਨੇਜੇ ਨਹੀ ਚੁੱਕਣਗੀਆਂ। ਉਹ ਸਭ ਸ਼ਾਂਤੀ ਵਿਚ, ਅਨੰਤ ਸ਼ਾਂਤੀ ਵਿਚ ਰਹਿਣਗੇ।

48 ਇਸ ਤਰ੍ਹਾਂ ਦੀ ਸਭਿਅਤਾ ਲੜਾਈ ਲੈ ਕੇ ਆਉਂਦੀ ਹੈ। ਅਤੇ ਜਿਨ੍ਹਾਂ ਵੱਧ ਅਸੀਂ ਸਭਿਅਕ ਹੁੰਦੇ ਹਾਂ, ਇਸਦੇ ਅਧੀਨ, ਉਨ੍ਹਾਂ ਜਿਆਦਾ ਯੁੱਧ ਹੁੰਦੇ ਹਨ। ਹਰ ਕੋਈ ਇੱਕ ਦੂਜੇ ਤੋਂ ਜਿਆਦਾ ਸਭਿਅਕ ਹੋਣ ਦੀ ਕੋਸ਼ਿਸ਼ ਕਰਦਾ ਹੈ, ਜਿਆਦਾ ਸਭਿਅਤਾ ਜਿਆਦਾ ਲੜਾਈਆਂ ਕਰਵਾਉਂਦੀ ਹੈ। ਸਮਝੇ?

49 ਅਤੇ ਵੇਖੋ, ਇਸ ਤਰ੍ਹਾਂ ਦੀ ਸਭਿਅਤਾ ਅਧੀਨ, ਮਨੁੱਖ ਇਸ ਤਰ੍ਹਾਂ ਉਤਪਾਦਨ ਕਰਦਾ ਹੈ। 'ਤੇ ਸਿਰਫ ਇੱਕ ਕੰਮ ਜਿਹੜਾ ਇਹ ਕਰਦੀ ਹੈ, ਕਿ ਇਹ ਤੁਹਾਡੇ ਨਾਲ ਧੋਖਾ ਕਰਦੀ ਹੈ ਕਿ ਤੁਸੀਂ ਹੋਰ ਵੱਧ ਸਿਗਰੇਟ ਖਰੀਦੋ। ਕਿਉਂਕਿ ਜੇ ਇੱਕ ਆਦਮੀ ਸਿਗਰੇਟ ਪੀਂਦਾ ਹੈ...ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਸ਼ੈਤਾਨ ਵਲੋਂ ਹੈ, ਅਤੇ ਇਹ ਨਿਕੋਟੀਨ ਸ਼ੈਤਾਨ ਹੈ ਜੋ ਉਸ ਆਦਮੀ ਜਾਂ ਔਰਤ ਦੇ ਵਿਚ ਹੈ। ਅਤੇ ਇੱਕ ਸਿਗਰੇਟ ਉਸ ਨਿਕੋਟੀਨ ਸ਼ੈਤਾਨ ਨੂੰ ਸੰਤੁਸ਼ਟ ਕਰ ਦਿੰਦੀ ਹੈ, ਕਿ ਉਹ ਤੁਹਾਨੂੰ ਇਕ ਸਿਗਰੇਟ ਨਾਲ ਇੱਕਲਾ ਛੱਡ ਦੇਵੇ ਅਤੇ ਤੁਹਾਡਾ ਪਿੱਛਾ ਨਾ ਕਰੇ। ਅਤੇ ਫਿਰ ਤੁਸੀਂ ਫਿਲਟਰ ਵਾਲੀ ਸਿਗਰੇਟ ਲੈਂਦੇ ਹੋ, ਅਤੇ ਉਹ ਸਿਰਫ ਇਕ ਤਿਹਾਈ ਸਿਗਰੇਟ ਦਾ ਧੂੰਆ ਹੀ ਤੁਹਾਡੇ ਅੰਦਰ ਜਾਣ ਦਿੰਦਾ ਹੈ ਜਾਂ ਇਕ ਤਿਹਾਈ ਨਿਕੋਟੀਨ ਹੀ ਤੁਹਾਡੇ ਅੰਦਰ ਜਾਣ ਦਿੰਦਾ ਹੈ, ਤਾਂ

ਫਿਰ ਇਕ ਸਿਗਰੇਟ ਦਾ ਕੰਮ ਕਰਨ ਲਈ ਤਿੰਨ ਸਿਗਰੇਟ ਦੀ ਲੋੜ ਪੈਂਦੀ ਹੈ ਅਤੇ ਤੁਸੀਂ ਇਕ ਦੀ ਜਗ੍ਹਾ ਤਿੰਨ ਸਿਗਰੇਟ ਪੀਂਦੇ ਹੋ।

50 ਵੇਖੋ, ਇਹ ਸਿਰਫ ਇੱਕ—ਇੱਕ ਸਕੀਮ ਹੈ, ਇਹ ਇਕ ਧੋਖਾ ਹੈ, ਇਹ ਤਾਂ ਵੱਧ ਸਿਗਰੇਟ ਬੇਚਣ ਦੀ ਇੱਕ ਚਾਲ ਹੈ। ਬਜਾਏ ਇਸਦੇ ਕਿ ਉਹ ਲੋਕਾਂ ਨੂੰ ਸਿੱਧਾ ਪਾਇਪ ਰਾਹੀਂ ਜਾਂ ਸਿਗਰੇਟ ਰਾਹੀਂ ਤੰਬਾਕੂ ਲੈਣ ਦੇਣ ਇਸ ਤਰੀਕੇ ਨਾਲ ਉਹ ਹੋਰ ਵੱਧ ਸਿਗਰੇਟ ਵੇਚ ਸੱਕਦੇ ਹਨ। ਹੁਣ, ਇਹ ਵੇਖੋ, ਸ਼ੈਤਾਨ ਵਲੋਂ ਹੈ।

51 ਜਿਵੇਂ ਮੈਂ ਉੱਥੇ ਖੜ੍ਹਾ ਇਸ ਵੱਲ ਵੇਖ ਰਿਹਾ ਸੀ, ਅਤੇ ਸੋਚ ਰਿਹਾ ਸੀ ਕਿ ਇਹ ਕਿੰਨਾ ਧੋਖਾ ਹੈ, ਤਾਂ ਇਕ ਸਵਾਲ ਮੇਰੇ ਮਨ ਵਿਚ ਆਇਆ। ਤੇ ਜੇ ਮੈਂ ਹੇਠਾਂ ਨੂੰ ਮੁੜਿਆ, ਅਤੇ ਪੈਕਟ ਵੱਲ ਫਿਰ ਵੇਖਿਆ, ਅਤੇ ਮੈਂ...ਇੰਝ ਲੱਗਾ ਜਿਵੇਂ ਕਿਸੇ ਨੇ ਮੈਨੂੰ ਕਿਹਾ, "ਪ੍ਰੰਤੂ ਇਸਦਾ ਨਾਰਾ ਤਾਂ ਠੀਕ ਹੈ, 'ਇੱਕ ਸਮਝਦਾਰ ਮਨੁੱਖ ਦੀ ਛਾਨਣੀ, ਇੱਕ ਸਿਗਰੇਟ ਪੀਣ ਵਾਲੇ ਦਾ ਸਵਾਦ।'" ਮੇਰੇ ਦਿਮਾਗ ਵਿਚ ਆਇਆ ਕਿ ਇਹ ਚਾਲਬਾਜੀ, ਤਾਂ, ਸ਼ਰੀਰਿਕ ਖੇਤਰ ਵਿਚ, ਤੰਬਾਕੂ ਵਿਚ ਹੈ, ਅਤੇ ਵੇਖੋ, ਇਸੇ ਤਰ੍ਹਾਂ ਦੀ ਚਾਲਬਾਜੀ ਅੱਜ ਦੇ ਗਿਰਜਿਆਂ ਵਿਚ ਵੀ ਹੈ।

52 ਇਹ ਇਥੋਂ ਤੱਕ ਆ ਗਿਆ ਕਿ ਸਾਰੀ ਦੁਨੀਆਂ ਹੀ ਉਸ ਮਹਾਨ ਧੋਖੇ ਵਿਚ ਆ ਗਈ ਕਿ ਅਸਲ ਵਿਚ ਸਚ ਕੀ ਹੈ ਅਤੇ ਠੀਕ ਕੀ ਹੈ। ਵੇਖੋ ਇਥੋਂ ਤੱਕ ਕਿ ਰਾਜਨੀਤੀ ਵਿਚ, ਅਤੇ ਸਮਾਜਿਕ ਮਾਮਲਿਆਂ ਵਿਚ, ਅਤੇ ਸਕੂਲਾਂ ਵਿਚ, ਅਤੇ ਹਰ ਇੱਕ ਜਗ੍ਹਾ, ਇਹ ਇੱਕ ਧੋਖਾ ਬਣ ਗਿਆ ਹੈ।

53 ਇੱਕ ਦਿਨ ਇਕ ਜਵਾਨ ਆਦਮੀ ਮੈਨੂੰ ਦੱਸ ਰਿਹਾ ਸੀ ਕਿ ਉਹ ਫੌਜੀ ਕੈਂਪ ਵਿਚ ਸੀ, ਅਤੇ ਇਕ ਜਵਾਨ ਫੌਜੀ ਦੇ ਉੱਪਰ ਦੀ ਇਕ ਟੈਂਕ ਲੰਘ ਗਿਆ ਸੀ; ਉਸਦੇ ਫੇਫੜੇ, ਪੇਟ ਅਤੇ ਜੋ ਕੁਝ ਵੀ ਸੀ ਫਟ ਗਿਆ ਸੀ। ਅਤੇ ਉਹ ਹਸਪਤਾਲ ਗਏ; ਉੱਥੇ ਤਿੰਨ ਜਾਂ ਚਾਰ ਡਾਕਟਰ ਕਤਾਰ ਵਿਚ ਖੜੇ ਸਨ, ਅਤੇ ਸਾਰੇ ਜਣੇ ਕਤਾਰ ਵਿਚ ਖੜੇ ਸਨ। ਅਤੇ ਦੋ ਜਾਂ ਤਿੰਨ ਫੌਜੀਆਂ ਨੇ ਆਪਣੇ ਸਾਥੀ ਨੂੰ ਚੁੱਕਿਆ ਹੋਇਆ ਸੀ, ਅਤੇ ਉਹ ਮੁਸ਼ਕਿਲ ਨਾਲ ਹੀ ਸਾਹ ਲੈ ਸੱਕਦਾ ਸੀ...। ਜਦ ਵੀ ਉਹ ਸਾਹ ਲੈਣ ਦੀ ਕੋਸ਼ਿਸ਼ ਕਰਦਾ ਤਾਂ ਉਸਦੀ ਨਾੜ ਉਸਦੇ ਫੇਫੜਿਆਂ ਅੰਦਰ ਚਲੀ ਜਾਂਦੀ ਅਤੇ ਅੰਦਰੋਂ ਖ਼ੂਨ ਵੱਗ ਰਿਹਾ ਸੀ। ਅਤੇ ਉਨ੍ਹਾਂ ਇਸ ਜਵਾਨ ਨੂੰ ਉਸੇ ਕਤਾਰ ਵਿਚ ਖੜ੍ਹਾ ਰਹਿਣ ਦਿੱਤਾ, ਉਹ ਕਤਾਰ ਵਿਚ ਬਿਲਕੁਲ ਪਿੱਛੇ ਸੀ, ਅਤੇ ਉੱਥੇ ਕੁਝ ਹੋਰ ਮੁੰਡੇ ਖੜ੍ਹੇ ਸਨ ਜਿਨ੍ਹਾਂ ਨੂੰ ਕੁਝ ਹੋਰ ਨਹੀ ਬਲਕਿ ਕੰਨ ਦਾ ਦਰਦ ਜਾਂ ਇਸੇ ਤਰ੍ਹਾਂ ਦੀ ਕੋਈ ਤਕਲੀਫ਼ ਸੀ, ਉਹ ਅੱਗੇ ਚਲੇ ਗਏ।

54 ਅਤੇ ਉਸੇ ਸਮੇਂ ਜੱਦ ਉਹ ਅੰਦਰ ਪਹੁੰਚਿਆ, ਕੋਈ ਕਰਨਲ ਉੱਥੇ ਆਪਣੇ ਛੋਟੇ ਬੱਚੇ ਨੂੰ ਲਿਆਇਆ ਜਿਹੜੇ ਹਥ ਤੇ ਜਲਨ ਸੀ, ਮੁੰਡੇ ਜਾਂ ਕੁੜੀ ਨੂੰ ਲਿਆਇਆ ਜਿਹੜੇ ਹਥ ਤੇ ਜਲਨ ਸੀ। ਅਤੇ ਕਰਨਲ ਦੇ ਬੱਚੇ ਨੂੰ ਅੰਦਰ ਲਿਜਾਣ ਲਈ ਉਨ੍ਹਾਂ ਨੇ ਉਸ ਕਤਾਰ ਨੂੰ ਰੋਕ ਦਿੱਤਾ, ਜਦ ਕਿ ਉਸ ਜਵਾਨ ਦੇ ਫੇਫੜੇ ਜਖਮੀ ਸਨ ਅਤੇ ਉਹ ਮਰ ਰਿਹਾ ਸੀ। ਤੁਸੀਂ ਇੱਥੇ ਹੋ।

55 ਔਹ, ਜੇ ਉਸ ਕਰਨਲ ਦੇ ਦਿਲ ਵਿਚ ਆਪਣੇ ਉਸ ਭਾਈ ਦੇ ਲਈ ਸੱਚਾ ਅਹਿਸਾਸ ਹੁੰਦਾ, ਤਾਂ ਉਸਨੇ ਕਹਿਣਾ ਸੀ, "ਇਹ ਬੱਚਾ ਇੰਤਜਾਰ ਕਰ ਸਕਦਾ ਹੈ। ਉਸ ਆਦਮੀ ਨੂੰ ਛੇਤੀ ਲੈ ਕੇ ਜਾਓ ਅਤੇ ਉਸਦੇ ਲਈ ਕੁਝ ਕਰੋ!"

56 ਪਰ ਹਰ ਕੋਈ ਆਪਣੇ ਅਧਿਕਾਰ ਵਿਖਾਉਣਾ ਚਾਹੁੰਦਾ ਹੈ। ਹੁਣ, ਸਾਰੇ ਉਸ ਵਰਗੇ ਨਹੀ ਹਨ; ਨਹੀ, ਉਹ ਸਾਰੇ ਉਸ ਵਰਗੇ ਨਹੀ ਹਨ। ਪਰ ਬਹੁਤ ਸਾਰੇ ਉਸ ਵਰਗੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਉਸ ਵਰਗੇ ਹਨ। ਪਰ ਉਹ ਆਦਮੀ, ਤਾਂ ਬਸ ਆਪਣੇ ਲੜਕੇ ਬਾਰੇ ਹੀ ਸੋਚ ਰਿਹਾ ਸੀ, ਜਿਹਦੇ ਹੱਥ ਤੇ ਜਲਨ ਸੀ ਅਤੇ ਉਸ ਬੇਚਾਰੇ ਮੁੰਡੇ ਬਾਰੇ ਨਹੀ ਸੋਚਿਆ ਸੀ ਜਿਹੜਾ ਟੈਂਕ ਹੇਠਾਂ ਆ ਕੇ ਕੁਚਲਿਆ ਗਿਆ ਸੀ, ਹੋ ਸਕਦਾ ਹੈ ਕਿ ਉਹ ਹੀ ਟੈਂਕ ਜਾਂ ਉਹ ਹੀ ਲੜਕਾ ਕਿਸੇ ਦਿਨ ਯੁੱਧ ਵਿਚ ਉਸਦੀ ਜਾਨ ਬਚਾਵੇ। ਵੇਖਿਆ, ਉਹ ਸੋਚਣ ਲਈ ਨਹੀ ਰੁਕਦੇ, ਬਸ ਆਪਣੇ ਆਪ ਲਈ ਹੀ ਸੋਚਦੇ ਹਨ।

"ਇੱਕ ਸਮਝਦਾਰ ਮਨੁੱਖ ਦੀ ਛਾਨਣੀ।"

57 ਮੈਂ ਉਸ ਵਲ ਵੇਖਿਆ, ਅਤੇ ਮੈਂ ਸੋਚਿਆ, "ਇਹ ਅੱਜ ਕਲ ਦੀਆਂ ਜਥੇਬੰਦੀਆਂ, ਉਹਨਾਂ ਚਰਚਾਂ ਵਾਂਗ ਹਨ ਜਿਹੜੇ ਸਾਡੇ ਕੋਲ ਹਨ।" ਉਨ੍ਹਾਂ ਸਾਰਿਆਂ ਦੀ ਆਪੋ—ਆਪਣੀ ਛਾਨਣੀ ਹੈ; ਉਹਨਾਂ ਸਾਰਿਆਂ ਦੀਆਂ ਆਪਣੇ ਹੀ ਢੰਗ ਦੀਆਂ ਛਾਨਣੀਆਂ ਹਨ। ਉਹ ਜਿਸ ਚੀਜ ਨੂੰ ਚਾਹੁੰਦੇ ਹਨ ਉਸ ਚੀਜ ਨੂੰ ਹੀ ਅੰਦਰ ਆਉਣ ਦਿੰਦੇ ਹਨ, ਅਤੇ ਜੋ ਉਹ ਨਹੀ ਚਾਹੁੰਦੇ ਉਸਨੂੰ ਅੰਦਰ ਨਹੀ ਆਉਣ ਦਿੰਦੇ ਹਨ; ਉਹ ਆਪਣੇ ਹੀ ਢੰਗ ਦੀ ਛਾਨਣੀ ਨਾਲ ਜੋ ਚਾਹੁਣ ਅੰਦਰ ਆਉਣ ਦਿੰਦੇ ਹਨ ਅਤੇ ਜੋ ਨਾ ਚਾਹੁਣ ਉਸਨੂੰ ਅੰਦਰ ਨਹੀ ਆਉਣ ਦਿੰਦੇ। ਉਹ ਬਹੁਤ ਸਾਰੀ ਦੁਨੀਆਦਾਰੀ ਅੰਦਰ ਆਉਣ ਦਿੰਦੇ ਹਨ ਤਾਂ ਕਿ ਉਨ੍ਹਾਂ ਅਵਿਸ਼ਵਾਸੀਆਂ ਨੂੰ ਸੰਤੁਸ਼ਟ ਕਰਨ ਜਿਹੜੇ ਉੱਥੇ ਹਨ। ਜੇ ਉਨ੍ਹਾਂ ਕੋਲ ਪੈਸੇ ਹਨ ਤਾਂ ਉਹ ਉਨ੍ਹਾਂ ਨੂੰ ਅੰਦਰ ਆਉਣ ਦੇਣਗੇ, ਕੋਈ ਪ੍ਰਵਾਹ ਨਹੀ ਕਿ ਉਹ ਕੀ ਹਨ। ਜੇ ਉਹ ਮਸ਼ਹੂਰ ਹਨ ਤਾਂ ਉਹ ਉਹਨਾਂ ਨੂੰ ਅੰਦਰ ਲੈ ਲੈਣਗੇ, ਕੋਈ ਮਤਲਬ ਨਹੀ ਕਿ ਉਹ ਕੌਣ ਹਨ।

ਪਰ ਇਹਦੇ ਬਾਰੇ ਵਿਚ ਇੱਕ ਗੱਲ ਹੈ, ਤੁਸੀਂ ਪ੍ਰਮੇਸ਼ੁਰ ਦੀ ਕਲੀਸਿਯਾ ਵਿਚ ਇਸ ਤਰ੍ਹਾਂ ਨਹੀ ਆ ਸਕਦੇ ਹੋ; ਹੁਣ ਮੇਰਾ ਮਤਲਬ ਜਥੇਬੰਦੀ ਤੋਂ ਨਹੀ ਹੈ ਬਲਕਿ ਪਰਮੇਸ਼ੁਰ ਦੀ ਅਸਲੀ ਕਲੀਸਿਯਾ ਤੋਂ ਹੈ।

58 ਜਿਵੇਂ ਕਿ ਅੱਜ ਦੀਆਂ ਤੰਬਾਕੂ ਕੰਪਨੀਆਂ ਹਨ, ਜਿਹੜੇ ਲੋਕ ਇਨ੍ਹਾਂ ਕਲਿਸਿਆਵਾਂ ਜਾਂ ਜਥੇਬੰਦੀਆਂ ਵਿਚ ਜਾਂਦੇ ਹਨ, ਉਨ੍ਹਾਂ ਦਾ ਆਪਣਾ ਸਵਾਦ ਹੈ, ਅਤੇ ਉਹਨਾਂ ਦਾ ਇਹ ਸਵਾਦ ਦੁਨੀਆਂ ਦੀਆਂ ਉਚ ਕੋਟੀ ਦੀਆਂ ਚੀਜਾਂ ਦਾ ਸਵਾਦ ਹੈ। ਤੇ ਹਰ ਕੋਈ ਜਥੇਬੰਦੀ ਦਾ ਆਪਣਾ ਇੱਕ ਫਿਲਟਰ ਹੈ, ਅਤੇ ਉਹ ਸਾਰੇ ਸੱਚੇ ਮਸੀਹੀਆਂ ਨੂੰ ਬਾਹਰ ਕਢ ਦਿੰਦੇ ਹਨ ਜਿਹੜੇ "ਅਮੀਨ" ਕਹਿੰਦੇ ਹਨ ਜਦ ਉਹ ਪ੍ਰਚਾਰ ਕਰ ਰਿਹਾ ਹੁੰਦਾ ਹੈ; ਅਤੇ ਉਨ੍ਹਾਂ ਸਾਰੀਆਂ ਵਾਲ ਕੱਟੀਆਂ ਹੋਈਆਂ, ਅਤੇ ਚਿਹਰੇ ਰੰਗੇ ਹੋਈਆਂ ਇਜਬਲਾਂ ਨੂੰ ਜੋ ਕਿ ਇਸ ਦੇਸ਼ ਵਿਚ ਹਨ, ਕਲੀਸਿਯਾ ਅੰਦਰ ਲੈ ਕੇ ਆਉਂਦੇ ਹਨ ਜਦ ਤੱਕ ਕਿ ਉਹ ਮਸ਼ਹੂਰ ਹਨ। "ਫਲਾਂ-ਫਲਾਂ ਸਾਡੇ ਆਉਂਦਾ ਹੈ...ਫਿਲਮੀ ਸਿਤਾਰਾ, ਅਤੇ ਉਹ ਮਹਾਨ ਆਦਮੀ।" ਉਹ ਇਸੇ ਤਰ੍ਹਾਂ ਦੇ ਫਿਲਟਰ ਵਰਤਦੇ ਹਨ। "ਸਾਡੀ ਜਥੇਬੰਦੀ ਹੈ। ਫਲਾਂ-ਫਲਾਂ ਪ੍ਰਧਾਨ, ਅਤੇ ਕਰਨਲ, ਜਾਂ ਹੋਰ ਸਾਡੀ ਕਲੀਸਿਯਾ ਦਾ ਮੈਂਬਰ ਹੈ।" ਵੇਖਿਆ ਕਿਸ ਕਿਸਮ ਦਾ ਫਿਲਟਰ ਉਹ ਇਸਤੇਮਾਲ ਕਰਦੇ ਹਨ। ਅਸਲ ਵਿਚ ਉਹ ਸੰਸਾਰ ਤੋਂ ਹੈ, ਉਹ ਸੰਸਾਰਕ ਲੋਕ ਹਨ।

59 ਉਹ ਲੋਕ, ਜਾਣਦੇ ਹਨ ਕਿ ਉਹਨਾਂ ਨੂੰ ਕੀ ਚਾਹੀਦਾ ਹੈ। ਇਸ ਲਈ ਜੇ ਉਨ੍ਹਾਂ ਨੂੰ ਉਹ ਮਿਲੇ ਜੋ ਉਹ ਲੈਣਾ ਚਾਹੁੰਦੇ ਹਨ, ਤਾਂ ਫਿਰ ਉਨ੍ਹਾਂ ਨੇ ਇੱਕ ਖਾਸ ਤਰ੍ਹਾਂ ਦਾ ਫਿਲਟਰ ਲੈਣਾ ਹੁੰਦਾ ਹੈ, ਜਿਹੜੇ ਵਿਚ ਦੀ ਬਹੁਤ ਸਾਰੀਆਂ ਸੰਸਾਰਕ ਗੱਲਾਂ ਨਿਕਲ ਕੇ ਆਉਂਦੀਆਂ ਹਨ ਜਿਹੜੀਆਂ ਉਨ੍ਹਾਂ ਦੇ ਸੰਸਾਰਕ ਸਵਾਦ ਦੀ ਸੰਤੁਸ਼ਟੀ ਕਰਦੀਆਂ ਹਨ। "ਇੱਕ ਸਮਝਦਾਰ ਮਨੁਖ ਦਾ ਫਿਲਟਰ, ਇੱਕ ਸਿਗਰੇਟ ਪੀਣ ਵਾਲੇ ਮਨੁਖ ਦਾ ਸਵਾਦ।" ਧਾਰਮਿਕ ਸੰਸਾਰ ਦਾ ਫਿਲਟਰ, ਅਤੇ ਇੱਕ ਸੰਸਾਰਕ ਮਨੁੱਖ ਦਾ ਸਵਾਦ।

60 ਉਹ ਧਾਰਮਿਕ ਹੋਣਾ ਚਾਹੁੰਦੇ ਹਨ। ਉਹ ਸੋਚਦੇ ਹਨ ਕਿ ਉਨ੍ਹਾਂ ਨੂੰ ਜਰੂਰ ਧਰਮੀ ਹੋਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਦੇ ਅੰਦਰ ਪ੍ਰਾਣ ਹੈ।

61 ਜਦੋਂ ਅਸੀਂ ਪਹਿਲੀ ਵਾਰ ਇਸ ਦੇਸ਼ ਵਿਚ ਆਏ ਸੀ, ਸਾਨੂੰ ਪਤਾ ਲੱਗਾ ਕਿ ਭਾਰਤੀ ਸੂਰਜ ਆਦਿ ਦੀ ਪੂਜਾ ਕਰਦੇ ਹਨ, ਕਿਉਂ? ਕਿਉਂਕਿ ਉਨ੍ਹਾਂ ਦੇ ਅੰਦਰ ਇੱਕ ਪ੍ਰਾਣ ਹੈ। ਅਸੀਂ ਦੂਰ ਅਫਰੀਕਾ ਦੇ ਜੰਗਲਾਂ ਵਿਚ ਗਏ ਸਾਨੂੰ ਪਤਾ ਲੱਗਾ ਕਿ ਉੱਥੇ ਦੇ ਆਦਿ ਵਾਸੀ ਕਿਸੇ ਚੀਜ ਦੀ ਭਗਤੀ ਕਰ ਰਹੇ ਹਨ। ਕਿਉਂ? ਕਿਉਂਕਿ ਉਹ ਮਨੁੱਖ ਹਨ, ਅਤੇ ਉਹ ਚਾਹੁੰਦੇ ਹਨ ਕਿ ਉਹ ਜਰੂਰ ਭਗਤੀ ਕਰਨ।

62 ਇਸ ਲਈ ਮਨੁੱਖ ਜਾਤੀ, ਕੋਈ ਪ੍ਰਵਾਹ ਨਹੀ ਹੈ ਕਿ ਉਹ ਕਿੰਨਾ ਕੁ ਗਿਰਿਆ ਹੋਇਆ ਹੈ, ਫਿਰ ਵੀ ਉਹ ਇਹ ਜਾਣਦਾ ਹੈ ਕਿ ਕਿਤੇ ਨਾ ਕਿਤੇ ਕੁਝ ਹੈ। ਪਰ ਉਸ ਵਿਚ ਸੰਸਾਰ ਲਈ ਇੰਨਾਂ ਕੁ ਸਵਾਦ ਪਾਇਆ ਜਾਂਦਾ ਹੈ ਕਿ ਉਹ ਸਹੀ ਫਿਲਟਰ ਨਹੀ ਲੈ ਸਕਦਾ ਹੈ। ਉਸਨੇ ਤਾਂ ਆਪਣਾ ਬਣਾਇਆ ਹੋਇਆ ਫਿਲਟਰ ਹੀ ਲੈਣਾ ਹੁੰਦਾ ਹੈ।

63 ਹਰ ਇੱਕ ਸਿਗਰੇਟ ਕੰਪਨੀ, ਆਪਣੀ ਹੀ ਤਾਰੀਫ਼ ਕਰਦੀ ਹੈ, ਜਿੰਨੀ ਵੀ ਉਹ ਕਰ ਸਕਣ, "ਇੱਕ ਅਸਲੀ ਫਿਲਟਰ, ਇਹ ਹੀ ਵਧੀਆ ਉਤਮ ਹੈ! ਇਹ ਹੀ ਸਭ ਤੋਂ ਉੱਪਰ ਹੈ।" ਅਤੇ ਸਾਰੇ ਉਸਨੂੰ ਪਸੰਦ ਕਰਦੇ ਹਨ। ਕਹਿੰਦੇ ਹਨ, "ਸਵਾਦ ਆਉਂਦਾ ਹੈ," ਜਾਂ ਇਸੇ ਤਰ੍ਹਾਂ ਹੀ ਕੁਝ, "ਇਸਦੇ ਉਪਰਲੇ ਭਾਗ ਤੋਂ ਹੀ ਆਉਂਦਾ ਹੈ।" ਔਹ, ਚੰਗੇ' ਹੋਣ ਕਰਕੇ। "ਉਪਰਲਾ ਹਿੱਸਾ?" ਫਿਰ ਇਸਦੇ ਪਿਛਲੇ ਸਿਰੇ ਤੇ ਕੀ ਹੈ? ਇਹ ਯਕੀਨਨ ਹੀ ਕੋਈ ਸਮਝਦਾਰ ਆਦਮੀ ਜਾਂ ਔਰਤ ਨਹੀ ਹੈ। ਪਰ ਉਹ ਕਿਸੇ ਤਰ੍ਹਾਂ ਵੀ ਕਹਿੰਦੇ ਹਨ, ਬਸ ਲੋਕਾਂ ਨੂੰ ਭਰਮਾ ਰਹੇ ਹਨ।

64 ਹੁਣ ਅਸੀਂ ਵੇਖਿਆ ਹੈ ਕਿ ਸਾਡੇ ਦਿਨਾਂ ਵਿਚ ਲੋਕਾਂ ਇੱਕ ਸਵਾਦ ਹੈ। ਅਤੇ ਇੱਕ ਮਨੁੱਖ ਸਿਗਰੇਟ ਕਿਉਂ ਪੀਂਦਾ ਹੈ? ਤਾਂ ਕਿ ਆਪਣੇ ਸਵਾਦ ਨੂੰ ਸੰਤੁਸ਼ਟ ਕਰੇ। ਇੱਕ ਜਨਾਨੀ ਕਿਉਂ ਸਿਗਰੇਟ ਪੀਂਦੇ ਹੈ? ਆਪਣੇ ਸਵਾਦ ਨੂੰ ਸੰਤੁਸ਼ਟ ਕਰਨ ਲਈ।

65 ਅਤੇ ਫਿਰ ਜੇਕਰ ਚਰਚ ਨੇ ਆਪਣੇ ਆਪ ਨੂੰ ਇੱਕ ਧਾਰਮਿਕ ਸਮੂਹ ਬਣਾ ਲਿਆ ਹੈ, ਅਤੇ, ਤਾਂ ਕਿ ਉਹ…ਲੋਕਾਂ ਨੂੰ ਆਪਣੇ ਅੰਦਰ ਲਿਆਉਣ, ਤਾਂ ਉਨ੍ਹਾਂ ਕੋਲ ਕਿਸੇ ਕਿਸਮ ਦੀ ਛਾਨਣੀ ਹੋਣੀ ਚਾਹੀਦੀ ਹੈ ਤਾਂ ਕਿ ਲੋਕਾਂ ਨੂੰ ਉਹ ਸਵਾਦ ਦੇਣ ਜਿਹੜਾ ਉਹ ਚਾਹੁੰਦੇ ਹਨ। ਤੇ ਜੇ ਉਨ੍ਹਾਂ ਨੂੰ ਉਹ ਸਵਾਦ ਨਹੀ ਲਭਦਾ ਹੈ ਜਿਹੜਾ ਉਹ ਚਾਹੁੰਦੇ ਹਨ ਤਾਂ ਉਹ ਸਿਗਰੇਟ ਵੀ ਨਹੀ ਚਾਹੁਣਗੇ। ਤੇ ਜੇ ਉਨ੍ਹਾਂ ਨੂੰ ਉਹ ਸਵਾਦ ਨਹੀ ਮਿਲਦਾ ਹੈ ਜਿਹੜਾ ਉਹ ਉਸ ਧਰਮ ਵਿਚੋਂ ਚਾਹੁੰਦੇ ਹਨ ਤਾਂ ਉਹ ਉਸ ਧਰਮ ਨੂੰ ਵੀ ਨਹੀ ਚਾਹੁਣਗੇ। ਹੁਣ, ਇਹ ਜਿਨ੍ਹਾਂ ਸਾਫ਼ ਹੋ ਸਕਦਾ ਹੈ, ਓਨਾ ਹੀ ਸਾਫ਼ ਹੈ।

66 ਛੋਟੇ—ਛੋਟੇ ਕਪੜੇ ਪਾਉਣ ਵਾਲੀਆਂ, ਅਤੇ ਕੱਟੇ ਹੋਏ ਵਾਲਾਂ ਵਾਲਿਆਂ ਜਨਾਨੀਆਂ, ਮੂੰਹ ਉੱਤੇ ਰੰਗ ਲਗਾਉਂਦੀਆਂ ਹਨ, ਅਤੇ ਕਾਮ ਉਤੇਜਕ ਕਪੜੇ ਪਹਿਨਦੀਆਂ ਹਨ, ਉਨ੍ਹਾਂ ਨੂੰ ਇਹ ਚਾਹੀਦਾ ਹੈ। ਉਹ ਇਸਨੂੰ ਪਿਆਰ ਕਰਦੀਆਂ ਹਨ।

67 ਜਿਵੇਂ ਮੈਂ ਪਿਛਲੇ ਐਤਵਾਰ ਅਤੇ ਅੱਜ ਸਵੇਰ ਉਸ ਪਹੀਏ ਦੇ ਵਿਚ ਪਹੀਆ ਜਾਂ ਆਤਮਾ ਦੇ ਅੰਦਰ ਜੋ ਪ੍ਰਾਣ ਹੁੰਦਾ ਹੈ ਉਸਦੇ ਬਾਰੇ ਵਿਚ ਦੱਸਿਆ

ਸੀ। ਕਿਵੇਂ ਉਹ ਆਤਮਾ ਬਾਹਰ ਸ਼ਰੀਰ ਅਤੇ ਪ੍ਰਾਣ ਦੇ ਵਿਚਕਾਰ ਹੈ, ਅਸਲ ਵਿਚ ਪਵਿਤਰ ਆਤਮਾ ਨਾਲ ਭਰਪੂਰ ਹੋ ਸਕਦਾ ਹੈ। ਕੀ ਤੁਸੀਂ ਸਾਰੇ ਇਸਨੂੰ ਸਮਝ ਗਏ? [ਸਭਾ ਆਖਦੀ ਹੈ, "ਆਮੀਨ।"—ਸੰਪਾ]

68 ਹੁਣ ਇਸਨੂੰ ਸੰਦੇਸ਼ ਨਾਲ ਜਾਰੀ ਰੱਖਣ ਲਈ, *ਇਸ ਯੁੱਗ ਦਾ ਈਸ਼ਵਰ, ਅੰਤ ਸਮੇਂ ਦੇ ਮਸ੍ਹਾ ਕੀਤੇ ਹੋਏ* ਸੁਣੋ। ਬਾਹਰਲੇ ਪਾਸੇ ਇੱਕ ਚੱਕਰ, ਅੰਦਰਲੇ ਪਾਸੇ ਇੱਕ ਚੱਕਰ...। ਪਹਿਲਾ ਚੱਕਰ—ਮਨੁੱਖ ਦੀਆਂ ਚੇਤਨਾਵਾਂ, ਮਰਜੀ, ਅਜਾਦ ਮਰਜੀ, ਇੱਛਾ ਆਦਿ ਹਨ। ਪਰ ਅੰਦਰਲੇ ਪਾਸੇ ਪ੍ਰਾਣ ਹੈ; ਇਹ ਪ੍ਰਾਣ ਪਹਿਲਾਂ ਤੋਂ ਹੀ ਠਹਿਰਾਇਆ ਗਿਆ ਹੁੰਦਾ ਹੈ।

ਇਸ ਲਈ, ਉਹ ਇਸ ਆਤਮਾ ਨੂੰ ਮਸ੍ਹਾ ਕਰ ਸਕਦੇ ਹਨ ਤਾਂ ਕਿ ਬਾਹਰਲੀ ਦੇਹ ਆਤਮਾ ਦੇ ਅਧੀਨ ਹੋ ਜਾਵੇ। "ਪਰ ਜਿਹੜੀ ਜਾਨ ਪਾਪ ਕਰੇਗੀ ਉਹ ਜਾਨ ਮਰੇਗੀ।" ਉਹ ਪ੍ਰਾਣ ਜਿਹੜਾ ਬੇਪ੍ਰਤੀਤੀ ਕਾਰਨ, ਖੁਦਾ ਦੇ ਵਚਨ ਨੂੰ ਰੱਦ ਕਰਦਾ ਹੈ, ਜਿਹਦਾ ਕਿ ਉਹ ਹਿੱਸਾ ਹੈ, ਉਹ ਪ੍ਰਾਣ ਸਦਾ ਲਈ...ਹਮੇਸ਼ਾ ਹੀ ਹੈ।

69 ਮੈਂ ਅਨੰਤ ਮੌਤ ਵਿਚ ਉਸੇ ਤਰ੍ਹਾਂ ਵਿਸ਼ਵਾਸ ਰੱਖਦਾ ਹਾਂ ਜਿਸ ਤਰ੍ਹਾਂ ਮੈਂ ਅਨੰਤ ਸਵਰਗ ਵਿਚ ਵਿਸ਼ਵਾਸ ਰੱਖਦਾ ਹਾਂ, ਪਰ ਮੈਂ ਅਨੰਤ ਨਰਕ ਵਿਚ ਵਿਸ਼ਵਾਸ ਨਹੀ ਕਰਦਾ ਹਾਂ। ਅਨੰਤ ਨਰਕ ਵਰਗੀ ਕੋਈ ਵੀ ਚੀਜ ਨਹੀ ਹੈ। ਉਹਨਾਂ ਲੋਕਾਂ ਲਈ ਅਨੰਤ ਮੌਤ ਹੈ ਜਿਹੜੇ...ਅੱਜ ਦੁਨੀਆਂ ਵਿਚ ਉਨ੍ਹਾਂ ਵਿਚੋਂ ਬਹੁਤ ਸਾਰੇ ਧਰਮੀ ਹਨ, ਜਿਹੜੇ ਹਮੇਸ਼ਾ ਮਰੇ ਹੋਏ ਹੁੰਦੇ ਹਨ।

70 "ਉਹ ਔਰਤ ਜਿਹੜੀ ਵਾਲ ਕਟਾ ਕੇ ਅਤੇ ਮੂੰਹ ਉੱਤੇ ਰੰਗ ਮਲ ਕੇ ਅਨੰਦ ਵਿਚ ਰਹਿੰਦੀ ਹੈ," ਉਹ ਜਿਉਂਦੇ ਜੀ ਮਰੀ ਹੋਈ ਹੈ। ਬਾਈਬਲ ਨੇ ਇਸੇ ਤਰ੍ਹਾਂ ਹੀ ਕਿਹਾ ਹੈ। ਸਮਝੇ? ਵੇਖੋ, ਉਹ ਧਾਰਮਿਕ ਹੋ ਸੱਕਦੀ ਹੈ, ਪਰ ਉਹ ਕਦੇ ਵੀ ਬਚੀ ਹੋਈ ਨਹੀ ਸੀ। ਉਸਦੇ ਕੋਲ ਤਾਂ ਬਾਹਰਲੀ ਹੀ ਹਰਕਤ ਹੈ। ਹੋ ਸਕਦਾ ਹੈ ਕਿ ਉਹ ਸੰਗਤੀ ਮੰਡਲੀ ਵਿਚ ਗਾਉਂਦੀ ਹੋਵੇ, ਜਾਂ ਹੋ ਸਕਦਾ ਹੈ ਕਿ ਉਹ ਆਤਮਾ ਵਿਚ ਨਚਦੀ ਹੋਵੇ, ਹੋ ਸਕਦਾ ਹੈ ਕਿ ਉਹ ਪਰਾਈ ਭਾਖਿਆ ਬੋਲਦੀ ਹੋਵੇ, ਅਤੇ ਆਤਮਾ ਦੇ ਹਰ ਪ੍ਰਕਾਰ ਦੇ ਪ੍ਰਗਟਾਵੇ ਉਸ ਨਾਲ ਹੋਣ। ਪਰ ਜਦ ਤੱਕ ਉਹ ਆਪਣੇ ਅੰਦਰ ਉਸ ਪ੍ਰਾਣ ਵਿੱਚ ਪ੍ਰਮੇਸ਼ਵਰ ਦੀ ਪੁੱਤਰੀ ਨਹੀ ਹੈ ਤਾਂ ਵੇਖੋ, ਉਹ ਮੁਰਦਾ ਹੈ, ਇਹਦੀ ਕੋਈ ਪ੍ਰਵਾਹ ਨਹੀ ਹੈ ਕਿ ਉਹ ਕੀ ਕਰਦੀ ਹੈ।

71 ਸਾਰਾ ਹੀ ਇਸਰਾਏਲ ਬਾਹਰੀ ਰੂਪ ਵਿਚ ਆਤਮਿਕ ਸੀ, ਉਹ ਸਾਰੇ ਪ੍ਰਮੇਸ਼ਵਰ ਦੀਆਂ ਭਲਾਈਆਂ ਨਾਲ ਭਰੇ ਹੋਏ ਸਨ, ਅਤੇ ਕਿਵੇਂ ਉਹ ਖੁਦਾ ਦਾ ਆਦਰ ਕਰਦੇ ਸਨ, ਅਤੇ ਇਸੇ ਤਰ੍ਹਾਂ ਹੋਰ ਕੁਝ ਕਰਦੇ ਸਨ, ਪਰ ਉਸ

ਨਾਲ ਗੱਲ ਨਹੀ ਬਣੀ। ਉਨ੍ਹਾਂ ਦਾ ਅੰਦਰਲਾ ਹਿੱਸਾ ਵਚਨ ਨੂੰ ਪਛਾਣ ਨਹੀ ਸਕਿਆ ਸੀ।

72 ਪਰ ਜਦ ਤੁਸੀਂ ਖੁਦਾ ਦੇ ਆਤਮਾ ਤੋਂ ਜਨਮ ਪਾ ਲੈਂਦੇ ਹੋ ਤਾਂ ਫਿਰ ਤੁਹਾਡੇ ਕੋਲ ਹੁੰਦਾ ਹੈ...ਤੁਸੀਂ ਪ੍ਰਮੇਸ਼ਵਰ ਦੇ ਪੁੱਤਰ ਹੋ, ਅਤੇ ਤੁਸੀਂ ਹਮੇਸ਼ਾ ਹੀ ਪ੍ਰਮੇਸ਼ਵਰ ਦੇ ਪੁੱਤਰ ਸੀ, ਅਤੇ ਤੁਸੀਂ ਹਮੇਸ਼ਾ ਹੀ ਪ੍ਰਮੇਸ਼ਵਰ ਦੇ ਪੁੱਤਰ ਰਹੋਗੇ। ਇਸ ਨੂੰ ਵੱਖ ਕਰਨ ਦਾ ਕੋਈ ਢੰਗ ਨਹੀ ਹੈ, ਕਿਉਂਕਿ ਇਹ...ਤੁਹਾਡੇ ਕੋਲ ਅਨੰਤ ਜੀਵਨ ਹੈ। ਅਤੇ ਅਨੰਤ ਕਦੇ ਵੀ ਸ਼ੁਰੂ ਨਹੀ ਹੁੰਦਾ ਅਤੇ ਨਾ ਹੀ ਕਦੇ ਇਸਦਾ ਅੰਤ ਹੁੰਦਾ ਹੈ।

73 ਔਹ, ਇਹ ਖੁਦਾ ਦੀ ਹੀ ਕਿਰਪਾ ਹੈ ਕਿ ਉਹ ਸਾਨੂੰ ਇਸ ਤਰ੍ਹਾਂ ਦੇ ਡੂੰਘੇ ਭੇਤਾਂ ਦੀ ਸਮਝ ਦਿੰਦਾ ਹੈ! ਜਿਵੇਂ ਪੌਲੁਸ ਅਫਸੀਆਂ ਵਿਚ ਇੱਥੇ ਹੋਰ ਅੱਗੇ ਜਾ ਕੇ ਪਤੀ ਅਤੇ ਪਤਨੀ ਦੇ ਬਾਰੇ ਵਿਚ ਕਹਿੰਦਾ ਹੈ, ਕਿ, "ਇਹ ਇਕ ਭੇਤ ਹੈ," ਕਿਸ ਤਰ੍ਹਾਂ ਪਤਨੀਆਂ ਨੂੰ ਆਪਣੇ ਪਤੀਆਂ ਦਾ ਆਦਰ ਕਰਨਾ ਚਾਹੀਦਾ ਹੈ। ਇੱਥੋਂ ਤੱਕ ਕਿ ਸਾਰੀ ਬਾਈਬਲ ਵਿਚ ਹੋਰ ਜਗ੍ਹਾ ਵੀ ਆਦਰ ਕਰਨ ਬਾਰੇ ਕਿਹਾ ਗਿਆ ਹੈ। ਕਿਹਾ ਹੈ, "ਇਸਤਰੀਆਂ ਆਪਣੇ ਪਤੀਆਂ ਦਾ ਆਦਰ ਕਰਨ, ਆਪਣੇ ਪਤੀਆਂ ਦੀ ਇਜੱਤ ਕਰਨ।" ਫਿਰ ਪਤੀ ਨੂੰ ਆਪਣੀ ਪਤਨੀ ਸਾਹਮਣੇ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਨਾ ਚਾਹੀਦਾ ਹੈ ਕਿ ਉਸਦੀ ਪਤਨੀ ਉਸਦਾ ਆਦਰ ਪ੍ਰਮੇਸ਼ਵਰ ਦੇ ਪੁੱਤਰ ਵਰਗਾ ਕਰ ਸਕੇ। ਅਤੇ ਜੇ ਉਹ ਇਸ ਤਰ੍ਹਾਂ ਦਾ ਜੀਵਨ ਬਤੀਤ ਨਹੀ ਕਰਦਾ ਹੈ ਤਾਂ, ਚੰਗਾ, ਫਿਰ ਪੱਕਾ ਉਹ ਉਸਦਾ ਆਦਰ ਨਹੀ ਕਰੇਗੀ ਕਿਉਂਕਿ ਉਸਨੂੰ ਪਤਾ ਹੈ ਕਿ ਉਹ ਕਿਸ ਚੀਜ਼ ਦਾ ਬਣਿਆ ਹੈ। ਪ੍ਰੰਤੂ ਜਦੋਂ ਕੋਈ ਆਦਮੀ ਆਦਰਯੋਗ ਹੈ, ਆਦਰਯੋਗ ਹੈ ਅਤੇ ਆਪਣੀ ਪਤਨੀ ਨਾਲ ਪਵਿੱਤਰ, ਆਪਣੇ ਪਰਿਵਾਰ ਸਾਹਮਣੇ ਪਵਿੱਤਰ ਹੈ ਅਤੇ ਖੁਦਾ ਦਾ ਸੱਚਾ ਦਾਸ ਹੈ ਤਾਂ ਫਿਰ ਜਨਾਨੀ ਨੂੰ, ਬੱਚਿਆਂ ਨੂੰ ਅਤੇ ਸਾਰਿਆਂ ਨੂੰ ਉਸ ਪ੍ਰਮੇਸ਼ਵਰ ਦੇ ਦਾਸ ਦਾ ਆਦਰ ਕਰਨਾ ਚਾਹਿਦਾ ਹੈ।

74 ਹੁਣ, ਧਿਆਨ ਦਿਓ। ਔਰਤਾਂ ਵਾਲਾਂ ਨੂੰ ਕਟਵਾਉਣਾ ਚਾਹੁੰਦੀਆਂ ਹਨ। ਉਹ ਛੋਟੇ ਕਪੜੇ, ਪੈਂਟਾਂ ਪਾਉਣਾ, ਮੇਕ ਅੱਪ ਕਰਨਾ ਚਾਹੁੰਦੀਆਂ ਹਨ। 'ਤੇ ਇਨ੍ਹਾਂ ਦਿਨਾਂ ਵਿਚ ਬਿਕਨੀਆਂ ਅਤੇ ਹੋਰ ਇਸ ਤਰ੍ਹਾਂ ਦੇ ਪਹਿਰਾਵੇ ਪਹਿਨਦੀਆਂ ਹਨ, ਉਹ ਇਸ ਤਰ੍ਹਾਂ ਕਰਨਾ ਚਾਹੁੰਦੀਆਂ ਹਨ; ਅਤੇ ਫਿਰ ਉਹ ਚਰਚ ਵੀ ਜਾਣਾ ਚਾਹੁੰਦੀਆਂ ਹਨ। ਤੁਸੀਂ ਉਸ ਮਸ੍ਹਾ ਨੂੰ ਵੇਖੋ ਜਿਹੜਾ ਉਨ੍ਹਾਂ ਦੇ ਆਤਮਾ ਉੱਤੇ ਹੈ, ਪਰ ਪ੍ਰਾਣਾਂ ਤੇ ਨਹੀ ਹੈ। ਸਮਝੇ?

75 ਕਹਿੰਦੇ ਹਨ, ਅਸੀਂ ਮਸੀਹੀ ਹੀ ਬਣੇ ਰਹਿਣਾ ਚਾਹੁੰਦੇ ਹਾਂ ਅਤੇ ਇਸ ਤਰ੍ਹਾਂ ਦੇ ਕੰਮ ਵੀ ਕਰਨੇ ਹਨ ਅਤੇ ਪਾਸਟਰ ਕਹਿੰਦਾ ਹੈ ਠੀਕ ਹੈ। ਜਦ ਪਾਸਟਰ

ਠੀਕ ਕਹਿੰਦਾ ਹੈ, “ਤਾਂ ਤੁਸੀਂ ਕਲੀਸਿਯਾ ਦੇ ਮੈਂਬਰ ਬਣ ਸਕਦੇ ਹੋ; ਤੁਹਾਡਾ ਨਾਂ ਮੇਰੇ ਚਰਚ ਦੀ ਕਿਤਾਬ ਵਿਚ ਲਿਖਿਆ ਜਾ ਸਕਦਾ ਹੈ; ਇਹ ਠੀਕ ਹੈ,” ਤਦ ਫਿਰ ਉਹ ਉਸਨੂੰ ਆਪਣੀ ਜੱਥੇਬੰਦੀ ਦਾ ਫਿਲਟਰ ਦੇ ਰਿਹਾ ਹੈ ਜੋ ਕਿ ਉਸ ਦੁਨਿਆਵੀ ਔਰਤ ਦੇ ਸਵਾਦ ਅਨੁਸਾਰ ਹੈ। ਉਹ ਸੰਸਾਰ ਨਾਲ ਪਿਆਰ ਕਰਦੀ ਹੈ; ਅਤੇ ਉਸਨੂੰ ਸੰਸਾਰ ਦਾ ਸਵਾਦ ਪਸੰਦ ਹੈ। ਇਸ ਲਈ ਉਸਦੇ ਕੋਲ ਇਸ ਔਰਤ ਲਈ ਇੱਕ ਫਿਲਟਰ ਹੈ, ਪਰ ਉਹ ਇੱਕ ਸਮਝਦਾਰ ਔਰਤ ਹੋਣ ਤੋਂ ਬਹੁਤ ਦੂਰ ਹੈ। ਪ੍ਰੰਤੂ, ਤੁਸੀਂ ਇਸ ਹਾਲਤ ਵਿਚ ਹੋ। ਇਹ ਹੀ ਉਹ ਹੈ ਜਿੱਥੋਂ ਮੈਂ ਇਹ ਵਿਸ਼ਾ ਲਿਆ ਸੀ।

76 ਨਹੀ, ਉਹ ਸਮਝਦਾਰ—ਇਸਤਰੀ ਨਹੀ ਹੈ। ਜੇ ਉਹ ਸਮਝ ਵਾਲੀ ਹੁੰਦੀ, ਤਾਂ ਉਸ ਨੂੰ ਪਤਾ ਹੁੰਦਾ ਕਿ ਆਖਰੀ ਦਿਨ ਚਰਚ ਉਸਦਾ ਨਿਆਂ ਨਹੀ ਕਰੇਗਾ। ਚਰਚ ਉਸਨੂੰ ਆਪਣੀ ਮੈਬਰਸ਼ਿਪ ਦੁਆਰਾ, ਅਤੇ ਉਸਦੇ ਸਮਾਜਿਕ ਦਾਇਰਿਆਂ ਪ੍ਰਤੀ ਇਮਾਨਦਾਰੀ, ਅਨੁਸਾਰ ਜਾਂਚ ਰਿਹਾ ਹੈ, ਜਿਸ ਦੇ ਨਾਲ ਉਸਦਾ ਸੰਬੰਧ ਹੈ। ਉਹ ਉਸਨੂੰ ਹੁਣ ਉਸਦੇ ਅਨੁਸਾਰ ਜਾਂਚ ਰਹੇ ਹਨ। ਪ੍ਰੰਤੂ ਅੰਤ ਦੇ ਦਿਨ ਖੁਦਾ ਉਸਦਾ ਨਿਆਂ ਕਰਨ ਜਾ ਰਿਹਾ ਹੈ। ਇਸ ਲਈ ਉਹ ਸੋਚ ਨਹੀ ਰਹੀ ਹੈ।

77 ਉਸ ਆਦਮੀ ਵਾਂਗ ਜਿਹੜਾ ਸਿਗਰੇਟ ਪੀਂਦਾ ਹੈ; ਉਸਨੂੰ ਸਿਗਰੇਟ ਪੀਨਾ ਇਨ੍ਹਾਂ ਪਿਆਰਾ ਲੱਗਦਾ ਹੈ ਕਿ ਨਿਕੋਟੀਨ ਨਾਲ ਉਸ ਦੀਆਂ ਸੋਚਣ ਦੀਆਂ ਚੇਤਨਾਵਾਂ ਸੁੰਨ ਹੋ ਗਈਆਂ ਹਨ। ਤੇ‘ ਉਸ ਜਨਾਨੀ ਦੀਆਂ ਇਛਾਵਾਂ ਨੇ ਉਸ ਦੀਆਂ ਸੋਚਣ ਦੀਆਂ ਚੇਤਨਾਵਾਂ ਇਸ ਤਰ੍ਹਾਂ ਸੁੰਨ ਕਰ ਦਿੱਤੀਆਂ ਹਨ ਕਿ ਉਹ ਉਨ੍ਹਾਂ ਕੰਮਾਂ ਨੂੰ ਕਰੇਗੀ ਜਿਹੜੇ ਪ੍ਰਮੇਸ਼ਵਰ ਦੀ ਨਿਗਾਹ ਵਿੱਚ ਘਿਨਾਉਣੇ ਹਨ, ਕਿਉਂਕਿ ਉਹ ਇਹਨਾਂ ਕੰਮਾਂ ਨੂੰ ਕਰਨਾ ਚਾਹੁੰਦੀ ਹੈ; ਇਹ ਇੱਕ ਸੰਸਾਰਕ ਔਰਤ ਦੇ ਸਵਾਦ ਨੂੰ ਸੰਤੁਸ਼ਟ ਕਰਦਾ ਹੈ। ਇਸ ਲਈ ਉਹ ਸੰਸਾਰਕ ਚਰਚ ਦਾ ਫਿਲਟਰ ਲੈਂਦੀ ਹੈ; ਉਹ ਇਸ ਵਿਚ ਦੀ ਹੋ ਕੇ ਲੰਘਦੀ ਹੈ, ਉੱਥੇ ਉਸ ਨੂੰ ਪਰੇਸ਼ਾਨ ਕਰਨ ਲਈ ਕੁਝ ਨਹੀ ਹੁੰਦਾ ਹੈ। ਇਹ ਵਿਖਾਉਂਦਾ ਹੈ…

78 ਹੁਣ, ਅਸੀਂ ਇੱਥੇ ਵੇਖਦੇ ਹਾਂ ਕਿ ਇਹ ਸਚ ਹੈ। ‘ਤੇ ਪਾਸਟਰ ਕਹਿੰਦਾ ਹੈ, “ਇਹ ਬਿਲਕੁਲ ਠੀਕ ਹੈ। ਅਸੀਂ ਇਸ ਤਰ੍ਹਾਂ ਕਰਨ ਤੇ ਔਰਤਾਂ ਨੂੰ ਦੋਸ਼ੀ ਨਹੀ ਮੰਨਦੇ ਹਾਂ। ਇਹ ਸਭ ਠੀਕ ਹੈ।” ਇਸ ਵਿਚ ਬਹੁਤ ਸਾਰਾ ਪਾਪ ਹੈ; ਇਹ ਉਸਦੀ ਛਾਨਣੀ ਵਿਚ ਦੀ ਹੋ ਕੇ ਅੰਦਰ ਜਾਂਦਾ ਹੈ। ਇਹ ਇਸ ਚੀਜ਼ ਨੂੰ ਵਿਖਾਉਂਦਾ ਹੈ ਕਿ ਉਹ ਧਰਮ ਗਿਆਨ ਦੇ ਫਿਲਟਰ ਵਿਚ ਦੀ ਲੰਘਦੇ ਹਨ। ਅਤੇ ਉਹ ਧਰਮ ਗਿਆਨ ਦਾ ਸਵਾਦ ਪ੍ਰਾਪਤ ਕਰਦੇ ਹਨ;ਅਤੇ ਉਨ੍ਹਾਂ ਦੇ ਕੋਲ

ਧਰਮ ਗਿਆਨ ਦਾ ਸਵਾਦ ਹੈ। ਪਰ ਇਹ ਅਸਲ ਵਿਚ ਪ੍ਰਮੇਸ਼ਵਰ ਦੇ ਫਿਲਟਰ ਵਿਚ ਨਹੀ ਲੰਘੇ ਹਨ। ਨਹੀ ਜੀ, ਸ਼੍ਰੀਮਾਨ।

79 ਹੁਣ, ਜੇ ਧਰਮ ਗਿਆਨ ਵਾਲਿਆਂ ਕੋਲ, ਧਰਮ ਗਿਆਨ ਸੋਚਣ ਵਾਲਾ ਫਿਲਟਰ ਹੈ, ਅਤੇ ਚਰਚ ਬਾਰੇ ਸੋਚਣ ਵਾਲਿਆਂ ਕੋਲ ਚਰਚ ਦਾ ਫਿਲਟਰ ਹੈ, ਅਤੇ ਸਿਗਰੇਟ ਦੇ ਬਾਰੇ ਵਿਚ ਸੋਚਣ ਵਾਲਿਆਂ ਕੋਲ ਸਿਗਰੇਟ ਦਾ ਫਿਲਟਰ ਹੈ। ਤਾਂ ਫਿਰ ਇੱਕ ਸੱਚੇ ਵਿਚਾਸ਼ੀਲ ਆਦਮੀ ਕੋਲ ਕਿਤੇ ਨਾ ਕਿਤੇ ਇੱਕ ਸੱਚਾ ਫਿਲਟਰ ਹੋਣਾ ਚਾਹੀਦਾ ਹੈ। ਅਤੇ ਪ੍ਰਮੇਸ਼ਵਰ ਦਾ ਇੱਕ ਫਿਲਟਰ ਹੈ, ਅਤੇ ਇਹ ਉਸਦਾ ਵਚਨ ਹੈ। ਇਹ ਵੱਖਰੇ ਕਰਨ ਵਾਲਾ ਹੈ, ਕਿਉਂਕਿ ਇਹ ਪਾਪ ਤੋਂ ਵੱਖਰੇ ਕਰਨ ਵਾਲਾ ਇੱਕ ਜਲ ਹੈ। ਹੁਣ, ਇਹ ਹੀ ਸਮਝਦਾਰ ਮਨੁੱਖ ਦਾ ਜਾਂ ਇੱਕ ਪਵਿੱਤਰ ਮਨੁੱਖ ਦਾ ਸਵਾਦ ਹੈ।

80 ਅਤੇ ਜੇ ਮਨੁੱਖ ਸੰਸਾਰ ਦੇ ਇਸ ਤਰ੍ਹਾਂ ਦੇ ਫਿਲਟਰ ਵਿਚ ਦੀ ਹੋ ਕੇ ਨਿੱਕਲਦਾ ਹੈ ਤਾਂ ਉਸਦੇ ਕੋਲ ਸੰਸਾਰਕ ਸਵਾਦ ਹੈ। 'ਤੇ ਜਿਵੇਂ ਤੰਬਾਕੂ ਕੰਪਨੀ ਹੈ, ਇਸ ਫਿਲਟਰ ਵਿਚ ਧੱਕਣ ਰਾਹੀਂ ਉਸਨੂੰ ਕਲੀਸਿਯਾ ਵਿਚ ਹੋਰ ਮੈਂਬਰ ਪ੍ਰਾਪਤ ਹੁੰਦੇ ਹਨ। ਜੋ ਉਹ ਕਹਿੰਦੇ ਹਨ "ਬੰਦਿਆਂ ਦੀ ਬਜਾਏ ਜਨਾਨੀਆਂ ਚਰਚ ਵਿਚ ਵਧ ਜਾਂਦੀਆਂ।" ਹੋ ਸਕਦਾ ਹੈ ਇਸੇ ਤਰ੍ਹਾਂ ਹੋਵੇ। ਹੁਣ, ਇਹ ਸਚ ਹੋ ਸਕਦਾ ਹੈ ਕਿ ਉਹ ਗਿਰਜਿਆਂ ਵਿਚ ਜਾਂਦੀਆਂ ਹੋਣ ਅਤੇ ਜੋ ਚਾਹੁੰਦੀਆਂ ਹੋਣ ਕਰਦੀਆਂ ਹੋਣ। ਇਹ ਠੀਕ ਹੈ। ਉਹ ਜੋ ਚਾਹੇ ਉਹ ਕਰੇਗੀ, ਉਹ ਕਿਸੇ ਵਿਚ ਵੀ ਸ਼ਮਿਲ ਹੋ ਜਾਵੇਗੀ, ਪਰ ਉਹ ਉਸ ਚਰਚ ਦੇ ਫਿਲਟਰ ਵਿਚ ਦੀ ਹੋ ਕੇ ਲੰਘਦੀ ਹੈ। ਜੇ ਉਹ ਖੁਦਾ ਦੇ ਫਿਲਟਰ ਵਿਚ ਦੀ ਹੋ ਕੇ ਲੰਘੇ ਤਾਂ ਉਹ ਉਸ ਨਾਲੋਂ ਵਖਰੀ ਹੋ ਕੇ ਨਿਕਲੇਗੀ। ਸਮਝੇ? ਉਹ ਪ੍ਰਮੇਸ਼ਵਰ ਦੇ ਫਿਲਟਰ ਵਿਚੋਂ ਦੀ ਲੰਘ ਕੇ ਕੱਟੇ ਹੋਏ ਵਾਲਾਂ ਨਾਲ ਬਾਹਰ ਨਹੀ ਨਿਕਲ ਸਕਦੀ ਹੈ। ਉਹ ਬਸ ਇਸ ਤਰ੍ਹਾਂ ਕਰ ਹੀ ਨਹੀ ਸਕਦੀ ਹੈ।

81 ਹੁਣ, ਇਹ ਹੋਣ ਜਾ ਰਿਹਾ ਹੈ—ਹੋ ਸਕਦਾ ਹੈ ਇਹ ਕਿਸੇ ਲਈ ਥੋੜਾ ਕੋੜਾ ਹੋਵੇ। ਪ੍ਰੰਤੂ ਜਦ ਉਹ ਪ੍ਰਮੇਸ਼ਵਰ ਦੇ ਫਿਲਟਰ ਵਿਚੋਂ ਦੀ ਲੰਘਣਾ ਸ਼ੁਰੂ ਕਰਦੀ ਹੈ, ਤਾਂ ਉਹ ਫਿਲਟਰ ਉਸਨੂੰ ਵਾਲ ਨਾ ਕੱਟਣ ਲਈ ਕਹਿੰਦਾ ਹੈ, ਫਿਰ (ਕੀ ਹੁੰਦਾ ਹੈ?) ਉਹ ਦੂਸਰੇ ਪਾਸੇ ਨੂੰ ਹੋ ਜਾਂਦੀ ਹੈ। ਜੇ ਇਹ ਆਖਦਾ ਹੈ ਇਸ ਤਰ੍ਹਾਂ ਕਰਨਾ ਇੱਕ ਔਰਤ ਲਈ ਪਾਪ ਹੈ, ਅਤੇ ਇਸ ਤਰ੍ਹਾਂ ਉਹ ਕਰਕੇ ਅਨਾਦਰ ਕਰਦੀ ਹੈ।

"ਜੇ ਉਹ ਇਸ ਤਰ੍ਹਾਂ ਕਰਨਾ ਚਾਹੁੰਦੀ ਹੈ," ਤਾਂ ਉਹ ਕਹਿੰਦਾ ਹੈ, "ਚੰਗਾ ਉਸਨੂੰ ਆਪਣੇ ਵਾਲ ਕਟਾ ਲੈਣ ਦਿਓ।"

ਕਿਹਾ, “ਤਾਂ ਫਿਰ ਉਹ ਆਪਣਾ ਸਿਰ ਮੁਨਾ ਲਵੇ।” ਅਤੇ ਕਿਹਾ, “ਸਾਨੂੰ ਪਤਾ ਹੈ ਸਿਰ ਮਨਾਉਣਾ ਔਰਤ ਲਈ ਸ਼ਰਮ ਵਾਲੀ ਗੱਲ ਹੈ,” ਫਿਰ ਕਿਹਾ, “ਤਾਂ ਫਿਰ ਉਹ ਆਪਣਾ ਸਿਰ ਕੱਜੇ।” ਅਤੇ ਉਸਦੇ ਵਾਲ ਹੀ ਉਸਦਾ ਕਜਣਾ ਹੈ; ਟੋਪੀ ਨਹੀ। ਠੀਕ ਹੈ। ਬਾਈਬਲ ਨੇ ਕਿਹਾ ਹੈ, ਉਸਦੇ ਵਾਲ ਹੀ ਉਸਦਾ ਕਜਣਾ ਹੈ। ਠੀਕ ਹੈ। ਇਹ ਏਹ ਵਿਖਾਉਂਦਾ ਹੈ ਕਿ ਉਹ ਪ੍ਰਭੂ ਲਈ ਨਜੀਰ ਹੈ। ਔਰਤ ਦੇ, ਲੰਮੇ ਵਾਲਾਂ ਦਾ, ਅਰਥ ਹੈ ਕਿ ਉਹ ਪ੍ਰਭੂ ਲਈ ਨਜੀਰ ਹੈ। ਅਤੇ, ਸਾਨੂੰ ਪਤਾ ਹੈ ਕਿ ਇਹ ਸਚ ਹੈ।

82 ਪਰ ਅਸੀਂ ਵੇਖਦੇ ਹਾਂ ਕਿ ਜੇ ਅਖੌਤੀ ਸਮਝਦਾਰ ਆਦਮੀ ਦੁਨੀਆ ਵਿਚ ਸਿਗਰੇਟ ਪੀ ਸਕਦਾ ਹੈ ਅਤੇ ਉਸਦਾ ਸਵਾਦ ਲੈ ਸਕਦਾ ਹੈ ਤਾਂ ਉਸਨੂੰ ਇਸ ਗੱਲ ਦਾ ਵੀ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ ਕਿ ਉਹ ਤੰਬਾਕੂ ਵਾਲਾ ਧੂੰਆ ਵੀ ਪ੍ਰਾਪਤ ਕਰ ਰਿਹਾ ਹੈ। ਪਰ ਇਹ ਤਾਂ ਸਿਰਫ ਇਸ ਲਈ ਹੈ ਕਿ ਉਸਨੂੰ ਹੋਰ ਸਿਗਰੇਟ ਵੇਚੀਆਂ ਜਾ ਸਕਣ, ਉਸ ਤੋਂ ਹੋਰ ਸਿਗਰਟਾਂ ਦੀ ਖਰੀਦਦਾਰੀ ਕਰਵਾਈ ਜਾ ਸਕੇ।

83 ਅਤੇ ਜਦ ਉਹ ਉਨ੍ਹਾਂ ਨੂੰ ਕੁਝ ਵੀ ਕਰਨ ਦਿੰਦੇ ਹਨ ਤਾਂ ਚਰਚ ਦਾ ਫਿਲਟਰ ਹੋਰ ਮੈਂਬਰ ਅੰਦਰ ਆਉਣ ਦਿੰਦਾ ਹੈ ਅਤੇ ਇਸੇ ਤਰ੍ਹਾਂ ਦੀਆਂ ਚੀਜਾਂ ਨੂੰ ਅੰਦਰ ਆਉਣ ਦਿੰਦੇ ਹਨ ਭਾਵੇਂ ਉਹ ਕੁਝ ਵੀ ਕਰਨ ਤਾਂ ਵੀ ਚਰਚ ਦੇ ਮੈਂਬਰ ਰਹਿੰਦੇ ਹਨ ਅਤੇ ਤਦ ਉਹ ਹੋਰ ਵੀ ਮੈਂਬਰ ਪ੍ਰੋਟ ਕਰਦੇ ਹਨ। ਕੀ ਹੋਵੇ ਜੇ ਅੱਜ ਰਾਤ ਅਸੀਂ ਚਰਚ ਵਿਚ ਜਾਈਏ ਅਤੇ ਉਨ੍ਹਾਂ ਅਸਲੀ ਨਵਾਂ ਜਨਮ ਪਾਏ ਵਚਨ ਤੋਂ ਜਨਮੇਂ ਹੋਏ ਮਸੀਹੀਆਂ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਛਾਣ ਕੇ ਬਾਹਰ ਕਢ ਦੇਈਏ। ਤਾਂ ਅੱਜ ਰਾਤ ਬਹੁਤ ਸਾਰੇ ਖਾਲੀ ਉਪਦੇਸ਼ ਇਸ ਕੰਧ ਵਿਰੁੱਧ ਹੋਣਗੇ, ਇਹ ਸਚ ਹੈ, ਕਿਉਂਕਿ ਇਹ ਫਿਲਟਰ ਵਿਚ ਦੀ ਛਾਨਿਆ ਗਿਆ ਸੀ।

84 ਅਤੇ ਮੇਰੇ ਦਿਲ ਵਿਚ ਇੱਕ ਇਛਾ ਹੈ, ਅਤੇ ਮੈਂ ਨਿਹਚਾ ਕਰਦਾ ਹਾਂ ਕਿ ਹਰ ਕੋਈ ਜਿਹੜਾ ਸੁਣ ਰਿਹਾ ਹੈ, ਉਸਦੀ ਵੀ ਇਹੋ ਇਛਾ ਹੈ ਕਿ “ਪ੍ਰਮੇਸ਼ਵਰ ਮੈਨੂੰ ਆਪਣੇ ਫਿਲਟਰ ਰਾਹੀ ਛਾਣ।” ਜਿਵੇਂ ਦਾਊਦ ਨੇ ਕਿਹਾ ਸੀ, “ਪ੍ਰਭੂ, ਮੈਨੂੰ ਜਾਂਚ ਅਤੇ ਪਰਖ ਅਤੇ ਵੇਖ ਕਿ ਮੇਰੇ ਵਿਚ ਕੋਈ ਬੁਰੀ ਚੀਜ ਤਾਂ ਨਹੀ, ਉਸਨੂੰ ਮੇਰੇ ਵਿਚੋਂ ਬਾਹਰ ਕਢ ਦੇ। ਸਮਝੇ? ਮੈਂ ਪ੍ਰਮੇਸ਼ਵਰ ਦਾ ਫਿਲਟਰ ਚਾਹੁੰਦਾ ਹਾਂ। ਇਸਦੀ ਪ੍ਰਵਾਹ ਨਾ ਕਰੋ, ਦੁਨੀਆ ਕੀ ਕਰਦੀ ਹੈ, ਚਰਚ ਦੇ ਕੋਲ ਕੀ ਹੈ; ਮੈਂ ਸਮਝਦਾਰ ਆਦਮੀ ਬਣਨਾ ਚਾਹੁੰਦਾ ਹਾਂ ਕਿ ਇਹ ਸੋਚਾਂ ਕਿ ਮੈਂ ਇਨ੍ਹਾਂ ਕਿਸੇ ਦਿਨਾਂ ਵਿਚ ਨਿਆਂ ਲਈ ਕਿਸਦੇ ਅੱਗੇ ਖੜੇ ਹੋਣ ਜਾ ਰਿਹਾ ਹਾਂ।

85 ਧਿਆਨ ਦਿਓ, ਤੰਬਾਕੂ ਕੰਪਨੀ ਹੋਰ ਸਿਗਰੇਟ ਵੇਚਣ ਲਈ ਇਹ ਕਰਦੀ ਹੈ ਅਤੇ ਚਰਚ ਹੋਰ ਮੈਂਬਰ ਪ੍ਰਾਪਤ ਕਰਨ ਲਈ ਇਸ ਤਰ੍ਹਾਂ ਕਰਦਾ ਹੈ। ਇੱਕ

ਛੋਟੇ ਕੱਪੜੇ ਪਾਉਣ ਵਾਲੀ ਅਤੇ ਛੋਟੇ ਵਾਲ ਰਖਣ ਵਾਲੀ ਜਨਾਨੀ ਖੁਦਾ ਦੇ ਫਿਲਟਰ ਵਿਚ ਫਸ ਜਾਵੇਗੀ। ਉਹ ਕੱਟੇ ਹੋਏ ਵਾਲਾਂ ਨਾਲ ਇਸਦੇ ਵਿਚ ਦੀ ਨਹੀ ਲੰਘ ਸਕਦੀ ਹੈ, ਕਿਉਂਕਿ ਬਾਈਬਲ ਆਖਦੀ ਹੈ ਉਸਨੂੰ ਇਸ ਤਰ੍ਹਾਂ ਨਹੀ ਕਰਨਾ ਚਾਹੀਦਾ ਹੈ। ਜਦ ਉਹ ਇਸ ਤਰ੍ਹਾਂ ਕਰਦੀ ਹੈ ਤਾਂ ਉਹ ਆਪਣੇ ਸਿਰ ਦਾ ਨਿਰਾਦਰ ਕਰਦੀ ਹੈ। ਸਾਨੂੰ ਇਹ ਜਾਨਣਾ ਚਾਹੀਦਾ ਹੈ। ਪਰ ਚਰਚ ਦੇ ਫਿਲਟਰ ਰਾਹੀਂ ਉਹ ਬਿਲਕੁਲ ਠੀਕ ਨਿਕਲ ਜਾਂਦੀ ਹੈ, ਅਤੇ ਬਾਕੀ ਦੇ ਸਾਰੇ ਵੀ ਉਸ ਵਿਚ ਦੀ ਲੰਘ ਜਾਂਦੇ ਹਨ। ਮੈਂ ਕਿਸੇ ਵੇਲੇ ਖੜਾ ਹੁੰਦਾ ਹਾਂ...

86 ਮੈਂ ਕਿਸੇ ਦਾ ਨਿਰਾਦਰ ਨਹੀ ਕਰ ਰਿਹਾ ਹਾਂ; ਮੈਂ ਨਿੱਜੀ ਤੋਰ ਤੇ ਕਿਸੇ ਵੀ ਆਦਮੀ ਦੇ ਬਾਰੇ ਵਿਚ ਨਹੀ ਕਹਿੰਦਾ ਹਾਂ, ਪਰ ਇਹ ਚਰਚ ਵਿਚ ਪਾਪ ਹੈ। ਤੁਸੀਂ ਮੇਰੀ ਇਸ ਗੱਲ ਨੂੰ ਲਿਖ ਸਕਦੇ ਹੋ।, ਮੈਂ ਕਦੇ ਇਸ ਤਰ੍ਹਾਂ ਨਹੀ ਕਹਿੰਦਾ, "ਕੁਮਾਰੀ *ਫਲਾਂ, ਫਲਾਂ—ਫਲਾਂ ਫਲਾਂ* ਹੈ ਜਾਂ ਸ਼੍ਰੀਮਾਨ, *ਫਲਾਂ ਫਲਾਂ* ਜਾਂ ਆਦਰਯੋਗ ਪਾਸਟਰ *ਫਲਾਂ ਫਲਾਂ –ਫਲਾਂ ਫਲਾਂ* ਹੈ।" ਨਹੀ ਜੀ ਸ਼੍ਰੀਮਾਨ। ਮੈਂ ਤਾਂ ਪਾਪ ਨੂੰ ਪਾਪ ਕਹਿੰਦਾ ਹਾਂ ਜੇ ਇਹ ਮੇਰੇ ਪਰਿਵਾਰ ਵਿਚ ਹੈ, ਜਾਂ ਇਹ ਮੇਰੇ ਵਿਚ ਹੈ, ਭਾਵੇਂ ਇਹ ਕਿਸੇ ਵਿਚ ਵੀ ਹੋਵੇ, ਇਹ ਫਿਰ ਵੀ ਪਾਪ ਹੀ ਹੈ। ਮੈਂ ਨਿੱਜੀ ਤੋਰ ਤੇ ਕਿਸੇ ਦੇ ਵਿਰੁਧ ਕੁਝ ਨਹੀ ਕਹਿੰਦਾ ਹਾਂ। ਮੈਂ ਪਾਪ ਦੇ ਵਿਰੁੱਧ ਬੋਲਦਾ ਹਾਂ। ਮੈਂ ਇਹਦੀ ਪ੍ਰਵਾਹ ਨਹੀ ਕਰਦਾ, ਭਾਵੇਂ ਇਹ ਮੈਂ ਹਾਂ ਜਾਂ ਇਹ ਕੋਈ ਵੀ ਹੋਵੇ ਜਦ ਇਹ ਖੁਦਾ ਦੇ ਫਿਲਟਰ ਵਿਚੋਂ ਦੀ ਹੋ ਕੇ ਲੰਘਦਾ ਹੈ ਤਾਂ ਕੋਈ ਵੀ ਤੁਹਾਨੂੰ ਉੱਥੇ ਹੀ ਰੋਕ ਦੇਵੇਗਾ।

87 ਧਿਆਨ ਦਿਓ। ਪਰ ਉਹ ਜਨਾਨੀ ਜਿਹੜੀ ਆਪਣੇ ਵਾਲ ਕੱਟਣਾ ਅਤੇ ਛੋਟੇ ਕੱਪੜੇ ਪਾਉਣਾ ਚਾਹੁੰਦੀ ਹੈ ਜਾਂ ਮੇਕ ਅਪ ਕਰਨਾ ਚਾਹੁੰਦੀ ਹੈ ਜਾਂ ਅਜਿਹਾ ਹੀ ਕੁਝ ਹੋਰ ਕਰਨਾ ਚਾਹੁੰਦੀ ਹੈ, ਤਾਂ ਉਹ ਬੜੀ ਆਸਾਨੀ ਨਾਲ ਪੈਂਤੀਕਾਸਟਲ ਫਿਲਟਰ ਵਿਚ ਦੀ ਲੰਘ ਸਕਦੀ ਹੈ, ਹੋਰ ਕੁਝ ਨਹੀ ਕਿਹਾ ਜਾ ਸਕਦਾ, ਉਹ ਸਿਧੀ ਮੌਤ ਵਿਚ ਜਾਂਦੀ ਹੈ। ਕਿਉਕਿ ਉਹ...ਉਹ ਕਹਿੰਦੀ ਹੈ, "ਚੰਗਾ, ਇਸਦੇ ਵਿਚ ਕੋਈ ਖਰਾਬੀ ਨਹੀ ਹੈ।"

"ਜੇ ਤੁਸੀ ਦੁਨੀਆ ਜਾਂ ਦੁਨੀਆਂ ਦੀਆਂ ਚੀਜ਼ਾਂ ਨਾਲ ਪਿਆਰ ਕਰਦੇ ਹੋ ਤਾਂ ਇਹ ਇਸ ਲਈ ਹੈ ਕਿਉਂਕਿ ਪ੍ਰਮੇਸ਼ਵਰ ਦਾ ਪਿਆਰ ਤੁਹਾਡੇ ਵਿਚ ਨਹੀ ਹੈ।"

88 ਜੇ ਉਸਦੇ ਪ੍ਰਾਣ, ਵਿਚ ਇਸ ਤਰ੍ਹਾਂ ਦਾ ਸਵਾਦ ਪਾਇਆ ਜਾਂਦਾ ਹੈ ਤਾਂ ਇਸ ਆਤਮਾ ਰਾਹੀਂ ਉਹ ਆਪਣੇ ਪ੍ਰਾਣ ਅੰਦਰ ਇਸ ਤਰ੍ਹਾਂ ਦੀਆਂ ਚੀਜ਼ਾਂ ਖਿੱਚਦੀ ਹੈ ਜਿਹੜੀਆਂ ਖੁਦਾ ਵਲੋਂ ਨਹੀ ਹਨ, ਅਤੇ ਖੁਦਾ ਦੇ ਵਚਨ ਦੇ ਵਿਰੁਧ ਹਨ। ਇਹ ਸਵਾਦ *ਵੇਖਣ ਚੱਖਣ*...ਰਾਹੀਂ ਆ ਸਕਦਾ ਹੈ, ਇਹ *ਸੋਚਣ* ਰਾਹੀਂ, *ਤਰਕ* ਰਾਹੀਂ ਆ ਸਕਦਾ ਹੈ ਕਿ, "ਇਸ ਵਿਚ ਕੋਈ ਨੁਕਸਾਨ ਨਹੀ ਹੈ। ਮੇਰਾ ਇੱਕ

ਸਵਾਦ ਹੈ। ਮੇਰੇ ਜਜਬਾਤ ਹਨ। ਮੈਨੂੰ ਮਹਿਸੂਸ ਹੁੰਦਾ ਹੈ ਕਿ ਸਭ ਕੁਝ ਠੀਕ ਹੈ।” ਜੇ ਉਸਦਾ ਪ੍ਰਾਣ ਇਸ ਤਰ੍ਹਾਂ ਦਾ ਹੈ ਤਾਂ ਇਹ ਸਿਧੀ ਹੀ ਉਸ ਵਿਚ ਦੀ ਉਸ ਦੇ ਪ੍ਰਾਣ ਵਿਚ ਚਲੀ ਜਾਂਦੀ ਹੈ। ਇਹ ਇਸਨੂੰ ਵਿਖਾਉਂਦਾ ਹੈ ਕਿ ਉਹ ਖੁਦਾ ਦੇ ਫਿਲਟਰ ਰਾਹੀਂ ਨਹੀ ਆ ਰਹੀ ਹੈ।

ਪਰ ਜੇ ਉਸਦੇ ਵਾਲ ਕੱਟੇ ਹੋਏ ਹਨ, ਮੇਕ ਅਪ ਕਰਦੀ ਹੈ, ਛੋਟੇ ਕਪੜੇ, ਪੈਂਟਾਂ ਪਾਉਂਦੀ ਹੈ, ਅਤੇ ਆਦਮੀਆਂ ਵਰਗੀ ਵਿਖਾਈ ਦਿੰਦੀ ਹੈ ਅਤੇ ਇਹ ਪਜਾਮੇ ਪਾਉਂਦੀ ਹੈ, ਅਤੇ ਉਹ ਸਭ ਪਾ ਰਹੀ ਹੈ ਜੋ ਇਨ੍ਹਾਂ ਕਪੜਿਆਂ ਨੂੰ ਕਹਿੰਦੇ ਹਨ; ਉਹ ਉਸ ਤਰ੍ਹਾਂ ਦੀਆਂ ਗੱਲਾਂ ਕਰਦੀਆਂ ਹਨ, ਅਤੇ ਉਸ ਤਰ੍ਹਾਂ ਦੇ ਕੰਮ ਕਰ ਰਹੀਆਂ ਹਨ, ਅਤੇ ਦੁਨੀਆ ਲਈ ਜੀ ਰਹੀਆਂ ਹਨ, ਉਹ ਰੁਕ ਜਾਣਗੀਆਂ। ਉਹ ਉਸ ਫਿਲਟਰ ਵਿਚ ਦੀ ਬਾਹਰ ਨਹੀ ਆ ਸਕਦੀ ਹੈ। ਨਹੀ ਜੀ ਸ਼੍ਰੀਮਾਨ। ਇਹ ਫਿਲਟਰ ਸ਼ੁਰੂ ਵਿਚ ਹੀ ਉਸਨੂੰ ਰੋਕ ਦੇਵੇਗਾ।

89 ਧਿਆਨ ਦਿਓ, ਜੇ ਇੱਕ ਆਦਮੀ ਉਸਦੇ ਸੋਹਣੇ ਬੁੱਲਾਂ ਵੱਲ, ਅਤੇ ਉਸਦੇ ਰੰਗ ਮਲੇ ਹੋਏ ਚੇਹਰੇ ਨੂੰ ਅਤੇ—ਅਤੇ ਛੋਟੇ ਛੋਟੇ ਕਪੜਿਆਂ ਨੂੰ, ਉਸਦੇ ਤੈਰਨ ਵਾਲੇ ਕਪੜਿਆਂ ਨੂੰ ਅਤੇ ਜੋ ਕੁਝ ਵੀ ਉਸਨੇ ਪਾਇਆ ਹੋਇਆ ਹੈ ਵੇਖ ਰਿਹਾ ਹੈ; ਇੱਕ ਸਚੀ ਸਮਝ ਵਾਲਾ ਆਦਮੀ ਉਸ ਵੱਲ ਨਹੀ ਵੇਖੇਗਾ। ਹੁਣ, ਇੱਕ ਆਦਮੀ ਜੋ ਚਰਚ ਮੈਂਬਰ ਹੈ ਉਸ ਵੱਲ ਵੇਖੇਗਾ, ਉਸਦੀ ਤਾਰੀਫ਼ ਕਰੇਗਾ। ਪਰ ਮੈਂ ਪ੍ਰਵਾਹ ਨਹੀ ਕਰਦਾ ਅੱਖਾਂ ਨੂੰ ਕਿਸ ਤਰ੍ਹਾਂ ਦੀ ਲਗਦੀ ਹੈ, ਇੱਕ ਸੋਚਣ ਵਾਲਾ ਆਦਮੀ ਉਸ ਪਾਸਿਓਂ ਆਪਣਾ ਸਿਰ ਘੁਮਾ ਲਵੇਗਾ। ਕਿਉਂ? ਉਹ ਪ੍ਰਮੇਸ਼ਵਰ ਦੇ ਫਿਲਟਰ ਵਿਚ ਦੀ ਲੰਘਿਆ ਹੈ ਅਤੇ ਉਹ ਜਾਣਦਾ ਹੈ ਕਿ ਉਸ ਵੱਲ ਵੇਖਣਾ ਆਪਣੇ ਦਿਲ ਵਿਚ ਜਨਾਹਕਾਰੀ ਕਰਨਾ ਹੈ। ਉਹ ਨਹੀ ਸੋਚਦਾ ਕਿ ਉਹ ਸੋਹਣੀ ਹੈ।

ਉਸਨੂੰ ਕਹੋ, “ਕਿ ਉਹ ਸੁਹਣੀ ਨਹੀ ਹੈ!”

ਉਸ ਲਈ ਸੁਹਦੀ ਨਹੀ ਹੈ। ਇੱਕ ਸਮਝਦਾਰ ਮਨੁੱਖ ਲਈ ਤਾਂ ਉਹ ਭ੍ਰਿਸ਼ਟ, ਨਿਕੰਮੀ, ਵਿਖਣ ਵਾਲੀ ਨਿਰਲਜ ਇਜ਼ਬਲ ਹੈ। ਇੱਕ ਪ੍ਰਮੇਸ਼ਵਰ ਦਾ ਪੁੱਤਰ ਤਾਂ ਉਸ ਵੱਲ ਸ਼ਰਮ ਨਾਲ ਵੇਖਦਾ ਹੈ ਕਿ ਉਹ ਵੀ ਉਸੇ ਪਰਿਵਾਰ ਦੀ ਹੈ ਜਿਹਦਾ ਕਿ ਮੈਂ ਹਾਂ। ਇਹ ਠੀਕ ਹੈ। “ਉਹ ਮੇਰੀ ਭੈਣ ਹੋ ਕੇ ਇਸ ਤਰ੍ਹਾਂ ਦਾ ਕੰਮ ਕਿਵੇਂ ਕਰ ਸਕਦੀ ਹੈ?”

90 ਵੇਖੋ, ਉਹ ਕਿਸੇ ਇੱਕ ਫਿਲਟਰ ਵਿਚ ਦੀ ਹੋ ਕੇ ਬਾਹਰ ਨਿਕਲੀ ਹੈ, ਅਤੇ ਉਹ ਕਿਸੇ ਹੋਰ ਫਿਲਟਰ ਰਾਹੀਂ ਬਾਹਰ ਨਿਕਲਿਆ ਹੈ। ਉਹ ਨਹੀ ਸੋਚਦਾ ਹੈ ਕਿ ਉਹ ਸੋਹਣੀ ਹੈ, ਬਿਲਕੁਲ ਨਹੀ। ਪ੍ਰਮੇਸ਼ਵਰ ਦੇ ਸਚੇ ਆਦਮੀ ਲਈ ਇਹ ਸੁੰਦਰਤਾ ਨਹੀ ਹੈ।

91 ਯਾਦ ਰੱਖੋ, ਇੱਕ ਵਾਰ ਇਸ ਤੋਂ ਪਹਿਲਾਂ ਕਿ ਯਿਸੂ ਮਸੀਹ ਦਾ ਲਹੂ ਫਿਲਟਰ ਬਣਦਾ, ਅਸੀਂ ਥੋੜੀ ਦੇਰ ਬਾਅਦ ਇਸ ਵਿਚ ਜਾਵਾਂਗੇ, "ਪ੍ਰਮੇਸ਼ਵਰ ਦੇ ਪੁਤਰ ਨੇ ਆਦਮੀ ਦੀਆਂ ਧੀਆਂ ਨੂੰ ਵੇਖਿਆ, ਕਿ ਉਹ ਸੋਹਣੀਆਂ ਹਨ ਅਤੇ ਉਨ੍ਹਾਂ ਨੂੰ ਪਤਨੀਆਂ ਬਣਾ ਲਿਆ।" ਪ੍ਰਮੇਸ਼ਵਰ ਨੇ ਇਸਨੂੰ ਕਦੇ ਵੀ ਮਾਫ਼ ਨਹੀ ਕੀਤਾ। ਦੁਬਾਰਾ ਇਹ ਇਸਰਾਏਲ ਦੀ ਯਾਤਰਾ ਸਮੇਂ ਹੋਇਆ ਸੀ, ਅਤੇ ਖੁਦਾ ਨੇ ਉਨ੍ਹਾਂ ਨੂੰ ਕਦੇ ਮਾਫ਼ ਨਹੀ ਕੀਤਾ। ਉਹਨਾਂ ਵਿਚੋਂ ਸਾਰੇ ਨਾਸ਼ ਹੋ ਗਏ ਸਨ।

"ਇੱਕ ਸਮਝਦਾਰ ਮਨੁੱਖ ਦੀ ਛਾਨਣੀ"

ਜਦ ਮੈਂ ਇੱਥੇ ਮੀਟਿੰਗ ਲਈ ਆਇਆ ਸੀ;ਇੱਕ ਰਾਤ ਉੱਥੇ ਚਰਚ ਦੇ ਪਿਛੇ ਇੱਕ ਅਵਾਰਾ ਜਿਹਾ ਛੋਟਾ ਮੁੰਡਾ ਖੜਾ ਸੀ, ਉਸਨੇ ਮੈਨੂੰ ਕਿਹਾ ਸੀ, ਇਹ ਤਿੰਨ ਜਾਂ ਚਾਰ ਸਾਲ ਪਹਿਲਾਂ ਦੀ ਗੱਲ ਹੈ, ਕਿਹਾ, "ਤੂੰ ਇਹ ਗੱਲਾਂ ਇਸ ਲਈ ਕਰਦਾ ਹੈਂ ਕਿਉਂਕਿ ਤੂੰ ਇੱਕ ਬੁਢਾ ਆਦਮੀ ਹੈਂ।" ਕਿਹਾ, "ਮੈਂ ਸੋਚਦਾ ਹਾਂ ਕਿ ਉਹ ਵਧੀਆ ਵਿਖਾਈ ਦਿੰਦੀਆਂ ਹਨ।"

ਮੈਂ ਕਿਹਾ, "ਮੈਂ ਇਸਦੀ ਕਲਪਨਾ ਕਰ ਸਕਦਾ ਹਾਂ।" ਤੁਸੀਂ ਉਸਨੂੰ ਵੇਖ ਕੇ ਹੀ ਦਸ ਸਕਦੇ ਸੀ ਕਿ ਉਹ ਕਿਸ ਤਰ੍ਹਾਂ ਦਾ ਸੀ। ਮੈਂ ਉਸਨੂੰ ਕਿਹਾ, "ਮੈਂ ਤੈਨੂੰ ਕੁਝ ਦੱਸਦਾ ਹਾਂ। ਤੇਰੀ ਉਮਰ ਕਿੰਨੀ ਹੈ?"

ਉਸਨੇ ਕਿਹਾ, "ਲੱਗਭੱਗ ਤੀਹ ਸਾਲ ਦੀ।"

92 ਮੈਂ ਕਿਹਾ, "ਜਦ ਮੈਂ ਤੇਰੇ ਤੋਂ ਪੰਦਰਾਂ ਸਾਲ ਛੋਟਾ ਸੀ, ਉਸ ਵੇਲੇ ਵੀ ਮੇਰੇ ਇਸੇ ਤਰ੍ਹਾਂ ਦੇ ਵਿਚਾਰ ਸਨ।" ਠੀਕ ਹੈ। ਅਤੇ ਇਹ ਹਾਲੇ ਵੀ ਗੰਦਗੀ ਹੀ ਹੈ!

93 ਇੱਕ ਸੋਚਣ ਵਾਲੇ ਮਨੁੱਖ ਦੀ ਛਾਣਨੀ! ਹੁਣ ਧਿਆਨ ਦਿਓ, ਜੇ ਉਸਦਾ ਦਿਮਾਗ ਪ੍ਰਮੇਸ਼ਵਰ ਦੇ ਵਚਨ, ਪ੍ਰਮੇਸ਼ਵਰ ਦੇ ਫਿਲਟਰ ਵਿਚ ਦੀ ਪੁਣਿਆ ਹੋਇਆ ਹੁੰਦਾ ਤਾਂ ਉਹ ਉਸ ਜਨਾਨੀ ਵੱਲ ਨਾ ਵੇਖਦਾ। ਉਹ ਇਹ ਨਾ ਸੋਚਦਾ ਕਿ ਉਹ ਸੋਹਣੀ ਹੈ; ਬਲਕਿ ਇਹ ਸੋਚਦਾ ਕਿ ਉਹ ਇਜਬਲ ਹੈ। ਉਹ ਸੋਚੇਗਾ ਕਿ ਉਨ੍ਹਾਂ ਲਾਲ ਬੁੱਲਾਂ ਦੇ ਪਿੱਛੇ ਜਹਿਰ ਵਾਲੇ ਲੰਮੇ ਦੰਦ ਹਨ ਜੋ ਉਸਨੂੰ ਡੰਗ ਲੈਣਗੇ। ਅਤੇ ਬਾਈਬਲ ਆਖਦੀ ਹੈ, "ਉਸਦੇ ਫਾਟਕ, ਮੌਤ ਦੇ ਫਾਟਕ ਹਨ; ਅਤੇ ਆਦਮੀ ਉਸ ਵਿਚ ਇਸ ਤਰ੍ਹਾਂ ਜਾਂਦਾ ਹੈ ਜਿਵੇਂ ਬਲਦ ਕੱਟੇ ਜਾਣ ਲਈ ਜਾਂਦਾ ਹੈ।" ਸਮਝਦਾਰ ਆਦਮੀ ਦਾ ਇੱਕ ਫਿਲਟਰ ਹੁੰਦਾ ਹੈ।

94 ਤੁਹਾਡੀ ਇਛਾ ਕੀ ਹੈ? ਜਦ ਕੋਈ ਔਰਤ ਗਲੀ ਵਿਚ ਦੀ ਇਸ ਤਰ੍ਹਾਂ ਦੇ ਕਪੜੇ ਪਾ ਕੇ ਲੰਘਦੀ ਹੈ ਤਾਂ, ਤੁਸੀਂ ਆਦਮੀ ਉਸ ਵੱਲ ਮੂੰਹ ਘੁਮਾ ਕੇ ਇਸ ਤਰ੍ਹਾਂ ਘੂਰ ਕੇ ਵੇਖਦੇ ਹੋ, ਤਾਂ ਤੁਸੀਂ ਸਮਝਦਾਰ ਮਨੁੱਖ ਦੀ ਛਾਨਣੀ ਇਸਤੇਮਾਲ ਨਹੀ ਕਰ ਰਹੇ ਹੋ। ਕਿਉਂਕਿ, ਜਦ ਤੁਸੀਂ ਇਸ ਤਰ੍ਹਾਂ ਕਰਦੇ ਹੋ ਤਾਂ ਤੁਸੀਂ ਜਨਾਹ ਕਰਦੇ ਹੋ, ਕਿਉਂਕਿ ਫਿਲਟਰ ਕਹਿੰਦਾ ਹੈ, "ਜੋ ਕੋਈ ਤੀਵੀਂ ਨੂੰ ਬੁਰੀ ਇਛਿਆ

ਕਰਕੇ ਵੇਖਦਾ ਹੈ ਸੋ ਉਸੇ ਵੇਲੇ ਆਪਣੇ ਮਨੋ ਉਸ ਨਾਲ ਜਨਾਹ ਕਰ ਚੁਕਿਆ।" ਸਮਝਦਾਰ ਮਨੁੱਖ ਆਪਣਾ ਮੂੰਹ ਉਸ ਵੱਲੋਂ ਲਾਂਭੇ ਕਰ ਲਉ। ਉਸ ਕੋਲੋਂ ਦੂਰ ਹੋ ਜਾਉ। ਉਹ ਸੋਹਣੀ ਨਹੀ ਹੈ। ਉਹ ਇੱਕ ਸੱਪ ਹੈ; ਇਹ ਸਚ ਹੈ, ਉਹ ਕਿਸੇ ਇੱਕ ਵਾਂਗ ਵਲ ਖਾਂਦੀ ਹੈ, ਕਿਸੇ ਇੱਕ ਵਾਂਗ ਵਿਵਹਾਰ ਕਰਦੀ ਹੈ, ਕਿਸੇ ਇੱਕ ਵਾਂਗ ਡੰਗ ਮਾਰਦੀ ਹੈ। ਉਸ ਕੋਲੋਂ ਦੂਰ ਰਹੋ।

95 ਔਹ, ਹਾਂ, ਪ੍ਰਮੇਸ਼ਵਰ ਦਾ ਵਚਨ ਹੀ ਛਾਨਣੀ ਹੁੰਦਾ ਹੈ। ਹਰ ਕੋਈ ਇਸਨੂੰ ਜਾਣਦਾ ਹੈ। ਇਹ ਹੀ ਹੈ ਜਿਹੜੇ ਵਿਚ ਦੀ ਤੁਹਾਡਾ ਪ੍ਰਾਨ ਪੁਣ ਹੁੰਦਾ ਹੈ, ਜਾਣੀ ਪ੍ਰਮੇਸ਼ਵਰ ਦਾ ਵਚਨ। ਅਤੇ ਇਹ ਬਣਾਉਂਦਾ ਹੈ ਜਦੋਂ ਤੁਸੀਂ ਖੁਦਾ ਰਾਹੀਂ ਆਉਂਦੇ ਹੋ…ਜਦੋਂ ਇੱਕ ਸਮਝਦਾਰ ਮਨੁੱਖ ਪ੍ਰਮੇਸ਼ਵਰ ਦੇ ਫਿਲਟਰ ਰਾਹੀਂ ਆਉਂਦਾ ਹੈ ਤਾਂ ਇਹ ਉਸਨੂੰ ਪਵਿੱਤਰ ਮਨੁੱਖ ਦਾ ਸਵਾਦ ਦਿੰਦਾ ਹੈ। ਇਹ ਠੀਕ ਹੈ। ਜਦ ਤੁਸੀਂ ਖੁਦਾ ਦੇ ਫਿਲਟਰ ਰਾਹੀਂ ਆਉਂਦੇ ਹੋ, ਫਿਰ ਤੁਹਾਡਾ ਸਵਾਦ ਇੱਕ ਪਵਿੱਤਰ ਮਨੁੱਖ ਵਾਲਾ ਹੁੰਦਾ ਹੈ। ਇਹ ਇੱਕ ਪਵਿੱਤਰ ਧਰਮੀ ਮਨੁੱਖ ਦਾ ਸਵਾਦ ਬਣਾਉਂਦਾ ਹੈ। ਇਹ ਨਾਰਾ ਬਿਲਕੁਲ ਠੀਕ ਹੈ।

96 ਹੁਣ ਅਸੀਂ ਵੇਖਦੇ ਹਾਂ ਕਿ ਇਹ ਕਿਸ ਤਰ੍ਹਾਂ ਇਸਰਾਏਲ ਵਿਚ, ਇਸਰਾਏਲ ਦੀ ਸੰਗਤੀ ਲਈ ਨਮੂਨੇ ਦੇ ਰੂਪ ਵਿਚ ਕੀਤਾ ਗਿਆ ਸੀ। ਇਹ ਹੀ ਕਾਰਨ ਹੈ, ਮੈਂ ਇਸਨੂੰ ਇਸ ਲਈ ਕਹਿ ਰਿਹਾ ਹਾਂ ਕਿ ਜੋ ਕੋਈ ਸੇਵਕ ਕਿਸੇ ਗੱਲ ਤੇ ਮੇਰੇ ਨਾਲ ਸਹਿਮਤ ਨਹੀ ਹੈ ਜੋ ਮੈਂ ਕਿਹਾ ਹੈ ਤਾਂ ਸਿਰਫ ਮੇਰੀ ਸੰਗਤੀ ਲਈ ਹੈ ਜਿਹੜੀ ਖੁਦਾ ਨੇ ਮੈਨੂੰ—ਮੈਨੂੰ ਪ੍ਰਚਾਰ ਕਰਨ ਲਈ ਦਿੱਤੀ ਹੈ।

97 ਕੂਚ 19 ਵਿਚ ਧਿਆਨ ਦਿਓ, ਮੈਂ ਚਾਹੁੰਦਾ ਹਾਂ ਕਿ ਜਦ ਤੁਸੀਂ ਘਰ ਜਾਉ ਇਸਨੂੰ ਪੜ੍ਹਨਾ, ਜਦ ਤੁਹਾਡੇ ਕੋਲ ਖੁੱਲਾ ਸਮਾਂ ਹੋਵੇ। ਧਿਆਨ ਦਿਉ, ਜਦ ਇਸਰਾਏਲ ਨੇ ਪਾਪ ਕੀਤਾ ਸੀ, ਪਹਿਲਾਂ ਉਨ੍ਹਾਂ ਨੇ ਲਾਲ ਬਛੀ ਨੂੰ ਲਿਆ ਜਿਹਦੀ ਧੌਣ ਉੱਤੇ ਕੋਈ ਪੰਜਾਲੀ ਨਹੀ ਰਖੀ ਗਈ ਸੀ। ਇਸਦਾ ਅਰਥ ਹੈ ਕਿ ਉਸਨੂੰ ਕਦੇ ਕਿਸੇ ਨਾਲ ਜੂਏ ਹੇਠ ਨਹੀ ਜੁੱਤਿਆ ਗਿਆ ਸੀ।

98 ਅਤੇ ਉਹ ਲਾਲ ਹੋਣੀ ਚਾਹੀਦੀ ਸੀ। ਲਾਲ ਰੰਗ ਪ੍ਰਾਸ਼ਚਿਤ ਦਾ—ਦਾ ਰੰਗ ਹੈ। ਤੁਸੀਂ ਜਾਣਦੇ ਹੋ, ਵਿਗਿਆਨ ਆਖਦਾ ਹੈ ਜੇ ਤੁਸੀਂ ਲਾਲ ਰੰਗ ਵਿਚੋਂ ਦੀ ਲਾਲ ਰੰਗ ਦੀ ਚੀਜ਼ ਵੇਖੋ ਤਾਂ ਉਹ ਚਿੱਟੀ ਵਿਖਾਈ ਦਿੰਦੀ ਹੈ। ਲਾਲ ਰੰਗ ਵਿਚੋਂ ਦੀ ਲਾਲ ਰੰਗ ਦੀ ਚੀਜ਼ ਵੇਖੋ ਤਾਂ ਉਹ ਚਿੱਟੀ ਵਿਖਾਈ ਦਿੰਦੀ ਹੈ। ਉਹ ਪ੍ਰਭੂ ਯਿਸੂ ਦੇ ਲਾਲ ਲਹੂ ਰਾਹੀਂ ਵੇਖਦਾ ਹੈ ਅਤੇ ਸਾਡੇ ਲਾਲ ਰੰਗ ਦੇ ਪਾਪ ਵਰਨ ਵਾਲੀ ਚਿੱਟੀ ਬਰਫ਼ ਵਰਗੇ ਚਿੱਟੇ ਹੋ ਜਾਂਦੇ ਹਨ; ਲਾਲ ਰੰਗ ਵਿਚ ਦੀ ਲਾਲ ਰੰਗ।

ਅਤੇ ਇਸਰਾਏਲ ਦੀ ਸਾਰੀ ਸੰਗਤੀ ਦੁਆਰਾ ਬਛੀ ਸ਼ਾਮਾਂ ਦੇ ਵੇਲੇ ਮਾਰੀ ਜਾਂਦੀ ਹੈ।

ਅਤੇ ਉਸਦੇ ਲਹੂ ਨਾਲ ਉਸ ਬੂਹੇ ਉੱਤੋਂ ਜਿਥੋਂ ਸਾਰੀ ਸੰਗਤ ਅੰਦਰ ਦਾਖਲ ਹੁੰਦੀ ਸੀ ਸੱਤ ਲਕੀਰਾਂ ਮਾਰ ਦਿੱਤੀਆਂ ਜਾਂਦੀਆਂ ਸਨ; ਜੋ ਕਿ ਕਲੀਸਿਯਾ ਦੇ ਸੱਤਾਂ ਯੁੱਗਾਂ ਦਾ, ਲਹੂ ਰਾਹੀ ਨਮੂਨਾ ਸੀ।

99 ਅਤੇ ਇਸ ਤੋਂ ਬਾਅਦ ਉਸ ਦੀ ਦੇਹ ਨੂੰ ਲੈ ਕੇ ਸਾੜਿਆ ਜਾਂਦਾ ਸੀ। ਉਸਨੂੰ ਖੁਰਾਂ, ਚਮੜੀ, ਅੰਤੜੀਆਂ ਅਤੇ ਗੋਹੇ ਸਮੇਤ ਸਾੜਿਆ ਜਾਂਦਾ ਸੀ। ਸਭ ਕੁਝ ਇਕੱਠਾ ਹੀ ਸਾੜਿਆ ਜਾਂਦਾ ਸੀ।

ਅਤੇ ਇਸਨੂੰ ਇੱਕ ਸ਼ੁੱਧ ਮਨੁੱਖ ਰਾਹੀ, ਮੰਡਲੀ ਦੇ ਬਾਹਰ ਇੱਕ ਸ਼ੁੱਧ ਜਗ੍ਹਾ ਤੇ ਰੱਖਿਆ ਜਾਂਦਾ ਸੀ। ਇਸਲਈ, ਜੇ ਇਸਰਾਏਲ ਸਿਰਫ ਉਸ ਨਮੂਨੇ ਨੂੰ ਹੀ ਵੇਖ ਸਕਦਾ! ਖੁਦਾ ਦਾ ਇਹ ਵਚਨ ਬੇਪ੍ਰਤੀਤੀ ਦੇ ਗੰਦੇ ਹਥਾਂ ਨਾਲ ਬਿਲਕੁਲ ਵੀ ਨਹੀ ਚੁੱਕਿਆ ਜਾਣਾ ਚਾਹੀਦਾ ਹੈ। ਅਤੇ ਜੇ ਉਹ ਸ਼ੁੱਧ ਸੀ ਤਾਂ ਉਸਨੂੰ ਖੁਦਾ ਦੇ ਫਿਲਟਰ ਰਾਹੀਂ ਆਉਣਾ ਪੈਣਾ ਸੀ।

ਇੱਕ ਸ਼ੁੱਧ ਆਦਮੀ, ਸ਼ੁੱਧ ਹਥ ਅਤੇ ਉਸਨੂੰ ਇੱਕ ਸ਼ੁੱਧ ਜਗ੍ਹਾ ਤੇ ਰੱਖਿਆ ਜਾਂਦਾ ਸੀ। ਉਸਨੂੰ ਉਸ ਜਗ੍ਹਾ ਤੇ ਨਹੀ ਰਖਿਆ ਜਾਂਦਾ ਸੀ ਜਿੱਥੇ ਇਜ਼ਬਲ ਅਤੇ ਅਵਾਰਾ ਗਰਦੀ ਕਰਨ ਵਾਲੇ ਅਤੇ ਹੋਰ ਕੋਈ ਵੀ ਸ਼ਾਮਿਲ ਹੋ ਸਕਦਾ ਹੋਵੇ; ਅਤੇ ਪ੍ਰਭੂ ਭੋਜ ਅਤੇ ਇਸੇ ਤਰ੍ਹਾਂ ਦੀਆਂ ਚੀਜ਼ਾਂ ਲੈ ਰਹੇ ਹੁੰਦੇ ਹਨ, ਜਦਕਿ ਉਹ ਦੂਜਿਆਂ ਦੇ ਪਤੀਆਂ ਅਤੇ ਪਤਨੀਆਂ ਨਾਲ ਨੱਠੇ ਫਿਰਦੇ ਹਨ, ਅਤੇ ਜਿੱਥੇ ਹਰੇਕ ਪ੍ਰਕਾਰ ਦੀ ਗੰਦਗੀ ਹੋਵੇ। ਨਚਣ ਅਤੇ ਪਾਰਟੀਆਂ ਤੇ ਜਾਂਦੇ ਹੋਣ, ਅਤੇ ਵਾਲ ਕਟਵਾਉਦੀਆਂ ਅਤੇ ਛੋਟੇ ਛੋਟੇ ਕਪੜੇ ਪਾਉਂਦੀਆਂ ਹੋਣ ਅਤੇ ਸਭ ਕੁਝ ਕਰਦੀਆਂ ਹੋਣ ਅਤੇ ਆਪਣੇ ਆਪ ਨੂੰ ਮਸੀਹੀ ਕਹਿੰਦੇ ਹੋਣ। ਇਸਨੂੰ ਸ਼ੁੱਧ ਜਗ੍ਹਾ ਤੇ ਰੱਖਿਆ ਜਾਣਾ ਚਾਹੀਦਾ ਸੀ ਅਤੇ ਸ਼ੁੱਧ ਹੱਥਾਂ ਨਾਲ ਰੱਖਿਆ ਜਾਣਾ ਚਾਹੀਦਾ ਸੀ।

100 ਅਤੇ ਜਦ ਇਸਰਾਏਲ ਨੇ ਪਾਪ ਕੀਤਾ ਅਤੇ ਇਸਨੂੰ ਪਛਾਣ ਲਿਆ ਕਿ ਉਨ੍ਹਾਂ ਗਲਤੀ ਕੀਤੀ ਹੈ, ਤਾਂ ਉੱਤੇ ਇਸ ਲਾਲ ਬਛੀ ਦੀ ਸੁਆਹ ਛਿੜਕੀ ਗਈ। ਅਤੇ ਇਹ ਹੀ ਵੱਖ ਕਰਨ ਵਾਲਾ ਜਲ ਸੀ, ਜੋ ਪਾਪ ਲਈ ਸ਼ੁਧੀਕਰਨ ਸੀ।

101 ਧਿਆਨ ਦਿਓ। ਇਹ ਇੱਥੇ ਹੈ। ਅਤੇ ਜਦ ਇਸਰਾਏਲੀ ਇਸ ਤਾਂ ਪਹਿਲਾਂ ਕਿ ਭਗਤੀ ਲਈ ਸੰਗਤ ਵਿਚ ਆਉਣ ਉਨ੍ਹਾਂ ਨੂੰ ਵਖਰਾ ਕਰਨ ਵਾਲੇ ਪਾਣੀਆਂ ਵਿਚੋਂ ਦੀ ਲੰਘਣਾ ਪੈਂਦਾ ਸੀ। “ਵਿਸ਼ਵਾਸ ਰਾਹੀ ਧਰਮੀ ਠਹਿਰਾਏ ਜਾਣਾ; ਵਿਸ਼ਵਾਸ ਸੁਣਨ ਰਾਹੀਂ, ਵਚਨ ਸੁਣਨ ਰਾਹੀਂ ਹੀ ਆਉਂਦਾ ਹੈ।”

ਫਿਰ ਉਹ ਲਹੂ ਦੀਆਂ ਸੱਤਾਂ ਲਕੀਰਾਂ ਰਾਹੀਂ ਮੰਡਲੀ ਵਿਚ ਦਾਖਲ ਹੁੰਦੇ ਸਨ ਜੋ ਇਹ ਵਿਖਾਉਂਦਾ ਸੀ ਕਿ ਕੋਈ ਮਰਿਆ ਹੈ ਅਤੇ ਉਨ੍ਹਾਂ ਦੇ ਪਾਪਾਂ ਲਈ ਉਹਨਾਂ ਦੇ ਅੱਗੇ ਗਿਆ ਹੈ। ਉਹ ਵਚਨ ਸੁਣਨ ਰਾਹੀਂ ਵੱਖਰੇ ਹੋ ਗਏ ਸਨ, ਜੋ ਕਿ ਵੱਖਰੇ ਕਰਨ ਵਾਲੇ ਪਾਣੀ ਹੈ, ਫਿਰ ਉਸ ਤੋਂ ਬਾਅਦ ਉਹ ਸੰਗਤ ਵਿਚ ਦਾਖਲ ਹੁੰਦੇ ਹਨ।

102 ਸਿਰਫ ਇੱਕ ਹੀ ਥਾਂ ਸੀ ਜਿੱਥੇ ਖੁਦਾ ਭਗਤੀ ਕਰਨ ਵਾਲਿਆਂ ਨਾਲ ਮੁਲਾਕਾਤ ਕਰਦਾ ਸੀ। ਉਹ ਉਸ ਨਾਲ ਕੀਤੇ ਵੀ ਹੋਰ ਨਹੀ ਮਿਲਦਾ ਸੀ। ਉਸਨੂੰ ਉਸ ਬਿਵਸਥਾ ਪਿੱਛੇ ਆਉਣਾ ਹੀ ਪੈਣਾ ਸੀ। ਪ੍ਰਮੇਸ਼ਵਰ ਇਸਰਾਏਲ ਨਾਲ ਸਿਰਫ ਇੱਕ ਹੀ ਜਗ੍ਹਾ ਤੇ ਮਿਲਦਾ ਸੀ।

ਅਤੇ ਅੱਜ ਖੁਦਾ ਤੁਹਾਨੂੰ ਵੀ ਸਿਰਫ ਇੱਕ ਹੀ ਜਗ੍ਹਾ ਤੇ ਮਿਲਦਾ ਹੈ, ਅਤੇ ਉਹ ਯਿਸੂ ਮਸੀਹ ਵਿਚ ਹੈ; ਅਤੇ ਉਹ ਵਚਨ ਹੈ, ਜੋ ਅਲੱਗ ਕਰਨ ਵਾਲਾ ਜਲ ਹੈ। ਅਤੇ ਉਸਦਾ ਲਹੂ ਉਨ੍ਹਾਂ ਸਾਰਿਆਂ ਸੱਤਾਂ ਕਲਿਸਿਆਈ ਯੁਗਾਂ ਲਈ ਬਹਾਇਆ ਗਿਆ ਸੀ। ਅਤੇ ਫਿਰ, ਪਵਿਤਰ ਆਤਮਾ ਰਾਹੀਂ, ਅਸੀਂ ਉਸ ਮੰਡਲੀ ਵਿਚ ਦਾਖਲ ਹੁੰਦੇ ਹਾਂ, ਜਿਹੜੀ ਸਿਰਫ ਸੰਗਤੀ ਨੂੰ ਦਿੱਤੀ ਗਈ ਹੈ। ਔਹ, ਉਹ ਕਿੰਨਾ ਮਹਾਨ ਹੈ!

103 ਹੁਣ, ਅਸੀਂ ਅਫਸੀਆਂ 5:26 ਨੂੰ ਵੀ ਵੇਖਣਾ ਚਾਹੁੰਦੇ ਹਾਂ ਜਿੱਥੇ ਕਿਹਾ ਗਿਆ ਹੈ, "ਵਚਨ ਦੇ ਜਲ ਨਾਲ ਸ਼ੁੱਧ ਕਰ ਕੇ" ਜੋ ਕਿ ਵੱਖ ਕਰਨ ਵਾਲਾ ਜਲ ਹੈ। ਇਹ ਕੀ ਕਰਦਾ ਹੈ? ਤਾਂ ਖੁਦਾ ਦਾ ਫਿਲਟਰ ਉਸਦਾ ਵਚਨ ਹੀ ਹੈ। ਵੱਖ ਕਰਨ ਵਾਲਾ ਜਲ, "ਵੱਖਰਾ ਕਰਨ ਵਾਲੇ ਜਲ ਨਾਲ ਸ਼ੁੱਧ ਕਰਨਾ," ਹੀ ਪ੍ਰਮੇਸ਼ਵਰ ਦਾ ਫਿਲਟਰ ਹੈ।

104 ਫਿਰ, ਤੁਸੀਂ ਮਸੀਹ ਕੋਲ ਚਰਚ ਦੇ ਫਿਲਟਰ ਰਾਹੀ ਨਹੀ ਆ ਸਕਦੇ ਹੋ। ਤੁਸੀਂ ਕਿਸੇ ਮਿਸ਼ਨ ਦੇ ਫਿਲਟਰ ਜਾਂ ਅਕੀਦੇ ਦੇ ਫਿਲਟਰ ਰਾਹੀਂ ਨਹੀ ਆ ਸਕਦੇ ਹੋ। ਸਿਰਫ ਇੱਕ ਹੀ ਫਿਲਟਰ ਹੈ, ਜਿਹਦੇ ਰਾਹੀਂ ਤੁਸੀਂ ਪਵਿੱਤਰ ਸਥਾਨ ਵਿਚ ਦਾਖਲ ਹੋ ਸਕਦੇ ਹੋ ਅਤੇ ਉਹ ਹੈ, "ਵਚਨ ਦੇ ਜਲ ਨਾਲ ਸ਼ੁੱਧ ਹੋ ਕੇ" । ਪ੍ਰਮੇਸ਼ਵਰ ਦਾ ਵਚਨ ਹੀ ਸਮਝਦਾਰ ਮਨੁੱਖ ਦਾ ਫਿਲਟਰ ਹੈ।

105 ਕਲੀਸਿਯਾ ਇੱਥੇ ਤੁਹਾਡਾ ਨਿਆਂ ਕਰੇਗੀ ਕਿ ਤੁਸੀਂ ਇੱਕ ਚੰਗੇ ਮੈਬਰ ਹੋ ਜਾਂ ਨਹੀ। ਉਹ ਤੁਹਾਡਾ ਜਨਾਜਾ ਵਧੀਆ ਪੜ੍ਹਨਗੇ, ਅਤੇ ਤੁਹਾਡੀ ਮੌਤ ਤੇ ਅੱਧਾ ਝੰਡਾ ਝੁਕਾ ਦੇਣਗੇ, ਅਤੇ ਵੱਡੇ ਵੱਡੇ ਫੁੱਲਾਂ ਦੇ ਹਾਰ ਭੇਜ ਦੇਣਗੇ ਅਤੇ—ਅਤੇ ਤੁਹਾਡੇ ਲਈ ਸਭ ਕੁਝ ਕਰਨਗੇ। ਪਰ ਜਦ ਤੁਹਾਡੇ ਪ੍ਰਾਣਾਂ ਦੀ ਪ੍ਰਮੇਸ਼ਵਰ ਨਾਲ ਸਾਹਮਣਾ ਕਰਨ ਦੀ ਗੱਲ ਆਉਂਦੀ ਹੈ, ਫਿਰ ਅਨੰਤ ਜੀਵਨ ਹੋਣਾ ਚਾਹੀਦਾ

ਹੈ। ਅਤੇ ਜੇ ਇਹ ਅਨੰਤ ਜੀਵਨ ਹੈ, ਤਾਂ ਇਹ ਪ੍ਰਮੇਸ਼ਵਰ ਦਾ ਇੱਕ ਭਾਗ ਹੈ। ਅਤੇ ਜਿਸ ਤਰ੍ਹਾਂ ਮੇਰੇ ਆਪਣੇ ਸ਼ਬਦ ਇਨਕਾਰ ਨਹੀ ਕਰ ਸਕਦੇ...

ਮੇਰਾ ਆਪਣਾ ਹੱਥ ਮੇਰੇ ਹੱਥ ਦਾ ਇਨਕਾਰ ਨਹੀ ਕਰ ਸਕਦਾ। ਮੇਰੀਆਂ ਆਪਣੀਆਂ ਅੱਖਾਂ, ਮੇਰੇ ਹੱਥ ਦਾ ਜਾਂ ਮੇਰੇ ਪੈਰ ਦਾ ਜਾਂ ਮੇਰੀਆਂ ਉਂਗਲੀਆਂ ਦਾ ਜਾਂ ਮੇਰੇ ਕਿਸੇ ਵੀ ਭਾਗ ਦਾ ਇਨਕਾਰ ਨਹੀ ਕਰ ਸਕਦੀਆਂ ਹਨ। ਉਹ ਇਸਦਾ ਇਨਕਾਰ ਨਹੀ ਕਰ ਸਕਦੇ ਹਨ।

ਅਤੇ ਨਾ ਹੀ ਕੋਈ ਆਦਮੀ ਜਾਂ ਔਰਤ ਜਿਹੜਾ ਪ੍ਰਮੇਸ਼ਵਰ ਦੇ ਵਚਨ ਦਾ ਹਿੱਸਾ ਹੈ, ਪ੍ਰਮੇਸ਼ਵਰ ਦੇ ਇੱਕ ਵੀ ਵਚਨ ਦਾ ਇਨਕਾਰ ਨਹੀ ਕਰ ਸਕਦਾ ਹੈ। ਫਿਰ ਔਰਤੋ ਜਦ ਤੁਸੀਂ ਸੋਚਦੀਆਂ ਹੋ ਕਿ ਤੁਸੀਂ ਕੱਟੇ ਹੋਏ ਵਾਲਾਂ ਨਾਲ ਪ੍ਰਮੇਸ਼ਵਰ ਦੀ ਹਜੂਰੀ ਵਿਚ ਆ ਸਕਦੀਆਂ ਹੋ ਤਾਂ ਤੁਸੀਂ ਗਲਤ ਹੋ। ਕੀ ਤੁਸੀਂ ਇਸਨੂੰ ਸਮਝ ਗਏ? ਤੁਸੀਂ ਗਲਤ ਹੋ; ਤੁਸੀਂ ਖੁਦਾ ਦੇ ਫਿਲਟਰ ਰਾਹੀਂ ਤਦ ਤੱਕ ਨਹੀ ਆ ਸਕਦੀਆਂ ਜਦ ਤੱਕ ਤੁਹਾਡਾ ਵਚਨ ਦੇ ਜਲ ਨਾਲ ਇਸ਼ਨਾਨ ਨਹੀ ਹੋਇਆ ਹੈ। ਫਿਰ ਤੁਸੀਂ ਸੰਗਤੀ ਵਿਚ ਦਾਖਲ ਹੁੰਦੀਆਂ ਹੋ। ਤੁਸੀਂ ਸੋਚਦੀਆਂ ਹੋ, ਤੁਸੀਂ ਆ ਸਕਦੀਆਂ ਹੋ, ਪਰ ਤੁਸੀਂ ਤਦ ਤੱਕ ਨਹੀ ਆ ਸਕਦੀਆਂ ਜਦ ਤੱਕ ਤੁਸੀਂ ਵਚਨ ਰਾਹੀਂ ਨਹੀ ਆਉਂਦੀਆਂ, ਅਤੇ ਹਰੇਕ ਛੋਟਾ ਚਿੰਨ, ਪ੍ਰਮੇਸ਼ਵਰ ਦਾ ਹਰ ਇੱਕ ਛੋਟਾ ਵਚਨ ਪੂਰਾ ਨਹੀ ਕਰਦੀਆਂ ਹੋ। “ਮਨੁੱਖ ਨਿਰਾ ਰੋਟੀ ਨਾਲ ਹੀ ਜਿਉਂਦਾ ਨਹੀ ਰਹੇਗਾ, ਬਲਕਿ ਹਰ ਇਕ ਵਚਨ ਰਾਹੀਂ ਜਿਉਂਦਾ ਰਹੇਗਾ” ਇਸਨੂੰ ਉਸ ਛਾਨਣੀ ਰਾਹੀਂ ਛਣ ਕੇ, ਉਸ ਰਾਹੀਂ ਆਉਣਾ ਪੈਣਾ ਹੈ। ਅਤੇ ਉਹ ਧਰਮੀ ਮਨੁੱਖ ਦਾ ਸਵਾਦ ਦਿੰਦਾ ਹੈ, ਕਿਉਂਕਿ ਇਹ ਹੀ ਉਹ ਚੀਜ਼ ਹੈ ਜਿਸਨੂੰ ਉਹ ਲਭ ਰਿਹਾ ਹੈ, ਉਹ ਅਜਿਹੀ ਚੀਜ਼ ਨੂੰ ਲਭ ਰਿਹਾ ਹੈ ਜਿਹੜੀ ਉਸਨੂੰ ਸ਼ੁੱਧ ਕਰੇ।

106 ਪ੍ਰਮੇਸ਼ਵਰ ਦਾ ਵਚਨ, ਪ੍ਰਮੇਸ਼ਵਰ ਦਾ ਵਚਨ ਹੀ ਸਮਝਦਾਰ ਮਨੁੱਖ ਦੀ ਛਾਨਣੀ ਹੈ, ਅਤੇ ਇਹ ਇੱਕ ਧਾਰਮਿਕ ਮਨੁੱਖ ਦਾ ਸਵਾਦ ਬਣਾਉਂਦਾ ਹੈ। ਅਸੀਂ ਜਾਣਦੇ ਹਾਂ ਕਿ ਇਹ ਸਚ ਹੈ; ਫਿਲਟਰ ਬੇਪ੍ਰਤੀਤੀ ਦੇ ਸਾਰੇ ਪਾਪ ਨੂੰ ਛਾਣ ਕੇ ਬਾਹਰ ਕਢ ਦਿੰਦਾ ਹੈ। ਜਦ ਤੁਸੀਂ ਇਸ ਫਿਲਟਰ ਰਾਹੀਂ ਆਉਂਦੇ ਹੋ ਤਾਂ ਅਗਾਂਹ ਨੂੰ ਤੁਹਾਡੇ ਵਿਚ ਕੋਈ ਬੇਪ੍ਰਤੀਤੀ ਨਹੀ ਰਹਿੰਦੀ ਹੈ, ਕਿਉਂਕਿ ਇਹ ਹੀ ਇਕ ਸੱਚੇ ਵਿਸ਼ਵਾਸੀ ਦਾ ਸਵਾਦ ਹੈ।

107 ਭਾਵੇਂ ਕੁਝ ਵੀ ਹੋਵੇ ਇੱਕ ਸੱਚਾ ਵਿਸ਼ਵਾਸੀ ਠੀਕ ਰਹਿਣਾ ਚਾਹੁੰਦਾ ਹੈ। ਉਹ ਬਸ ਇਹ ਨਹੀ ਕਹਿਣਾ ਚਾਹੁੰਦਾ ਹੈ, “ਚੰਗਾ, ਸਮਾਜ ਵਿਚ ਮੇਰੀ ਥਾਂ ਹੈ। ਮੈਂ ਚਰਚ ਨਾਲ ਸੰਬੰਧ ਰੱਖਦਾ ਹਾਂ, ਉਸ ਚਰਚ ਨਾਲ ਜੋ ਕਿ ਸ਼ਹਿਰ ਦਾ ਸਭ ਤੋਂ ਵੱਡਾ ਚਰਚ ਹੈ।” ਮੈਨੂੰ ਕੋਈ ਪ੍ਰਵਾਹ ਨਹੀ ਭਾਵੇਂ ਇਹ ਗਲੀ ਦੀ ਨੁੱਕਰ ਵਿਚ

ਹੀ ਹੋਵੇ, ਭਾਵੇਂ ਇਹ ਕਿਤੇ ਬਰੁਸ਼ ਹਾਰਬਰ ਹੋਵੇ, ਇੱਕ ਸਮਝਦਾਰ ਆਦਮੀ ਨੂੰ ਪਤਾ ਹੈ ਉਸਨੇ ਖੁਦਾ ਨਾਲ ਮਿਲਣਾ ਹੈ। ਕੋਈ ਮਤਲਬ ਨਹੀ ਭਾਵੇਂ ਚਰਚ ਜਾਂ ਕੋਈ ਹੋਰ ਕੁਝ ਵੀ ਕਹੇ, ਉਹ ਤਾਂ ਪ੍ਰਮੇਸ਼ਵਰ ਦੀਆਂ ਸ਼ਰਤਾਂ ਤੇ ਆਉਂਦਾ ਹੈ। ਅਤੇ ਪ੍ਰਮੇਸ਼ਵਰ ਦੀਆਂ ਸ਼ਰਤਾਂ ਉਸਦਾ ਵਚਨ ਹੈ।

"ਅੱਛਾ," ਉਹ ਕਹਿੰਦੇ ਹਨ, "ਖੁਦਾ ਦਾ ਵਚਨ।"

ਯਕੀਨਨ, ਉਹ ਸਾਰੇ ਇਹ ਹੀ ਵਿਸ਼ਵਾਸ ਕਰਦੇ ਹਨ ਕਿ ਇਹ ਖੁਦਾ ਦਾ ਵਚਨ ਹੈ, ਪਰ ਕੀ ਤੁਸੀਂ ਇਸ ਰਾਹੀਂ ਛਣ ਸਕਦੇ ਹੋ? ਤੁਸੀਂ ਕਿਵੇਂ ਇੱਕ ਵਾਲ ਕੱਟਿਆਂ ਵਾਲੀ ਜਨਾਨੀ ਨੂੰ ਉਸ ਵਿਚ ਦੀ ਲੰਘਾਉਣ ਜਾ ਰਹੇ ਹੋ? ਤੁਸੀਂ ਇਹ ਕਿਸ ਤਰ੍ਹਾਂ ਕਰਨ ਜਾ ਰਹੇ ਹੋ? ਤੁਸੀਂ ਉਸ ਆਦਮੀ ਨੂੰ ਇਸ ਵਿਚੋਂ ਕਿਸ ਤਰ੍ਹਾਂ ਲੰਘਾਉਣ ਜਾ ਰਹੇ ਹੋ ਜਿਹੜਾ ਇਸ ਸਿੱਖਿਆ ਨੂੰ ਫੜ ਕੇ ਨਹੀ ਰੱਖੇਗਾ? ਸਮਝੇ?

ਇਹ ਸਮਝਦਾਰ ਆਦਮੀ ਵਾਲਾ ਸਵਾਦ ਨਹੀ ਹੈ। ਨਹੀ ਜੀ। ਇੱਕ ਸਮਝਦਾਰ ਆਦਮੀ ਸੋਚੇਗਾ, ਸਮਝਦਾਰ ਆਦਮੀ ਇਸ ਤਰ੍ਹਾਂ ਦੀ ਚੀਜ ਵਿਚ ਛਾਲ ਮਾਰਨ ਤੋਂ ਪਹਿਲਾਂ ਦੋ ਵਾਰ ਸੋਚੇਗਾ।

108 ਧਿਆਨ ਦਿਓ, ਕਿ ਵਚਨ ਆਪਣੇ ਆਪ ਦਾ ਇਨਕਾਰ ਨਹੀ ਕਰ ਸਕਦ ਹੈ। ਤਾਂ ਇਹ ਸੰਤੁਸ਼ਟ ਹੋਣਾ ਜਾਂ ਇਹ ਇੱਕ ਇਛਾ ਹੋਣਾ ਹੈ। ਇਹ ਕਿਸ ਚੀਜ਼ ਦੀ ਇਛਾ ਹੈ? ਉਹ ਕੀ ਹੈ ਜਿਸਨੇ ਤੁਹਾਡੇ ਵਿਚ ਪਹਿਲਾਂ ਹੀ ਇਛਾ ਪੈਦਾ ਕੀਤੀ? ਕਿਉਂਕਿ ਇਹ ਤੁਹਾਡੇ ਪ੍ਰਾਣ ਦੇ ਅੰਦਰ ਇਹ ਅਗੇਤਰਾ ਹੀ ਠਹਿਰਾਇਆ ਹੋਇਆ ਬੀਜ਼ ਹੈ, ਜੋ ਕਿ ਅਨੰਤ ਜੀਵਨ ਹੈ, ਜੋ ਹਮੇਸ਼ਾ ਹੀ ਉੱਥੇ ਪਿਆ ਹੋਇਆ ਸੀ, ਜੋ ਸਦਾ ਹੀ ਉੱਥੇ ਸੀ। "ਉਹ ਸਾਰੇ ਜਿਹੜੇ ਪਿਤਾ ਨੇ ਮੈਨੂੰ ਦਿੱਤੇ ਹਨ ਉਹ ਮੇਰੇ ਕੋਲ ਆਉਣਗੇ। ਉਹਨਾਂ ਵਿਚੋਂ ਇਕ ਵੀ ਨਾਸ਼ ਨਹੀ ਹੋਣ ਜਾ ਰਿਹਾ ਹੈ।"

109 ਇੱਕ ਸਮਝਦਾਰ ਆਦਮੀ ਦਾ ਸਵਾਦ, ਜਦ ਇੱਕ ਸਮਝਦਾਰ ਆਦਮੀ ਪ੍ਰਮੇਸ਼ਵਰ ਦਾ ਵਚਨ ਸੁਣਦਾ ਹੈ, ਕਿ "ਮੇਰੀ ਭੇਡ ਮੇਰੀ ਅਵਾਜ਼ ਸੁਣਦੀ ਹੈ ਅਤੇ ਪਰਾਏ ਦੇ ਪਿਛੇ ਨਹੀ ਜਾਵੇਗੀ," ਕਿਉਂਕਿ ਉਸਦੇ ਵਚਨ ਦੇ ਅੰਦਰ ਜੀਵਨ ਹੁੰਦਾ ਹੈ, ਅਤੇ ਜੀਵਨ ਨਾਲ ਜੀਵਨ ਮਿਲ ਜਾਂਦਾ ਹੈ।

ਪਾਪ ਪਾਪ ਨਾਲ ਮਿਲ ਜਾਂਦਾ ਹੈ, ਅਤੇ ਪਾਪ ਇਨ੍ਹਾਂ ਪਖੰਡੀ ਹੁੰਦਾ ਹੈ ਕਿ ਉਹ ਸੋਚਦਾ ਹੈ ਕਿ ਉਹ ਬਚਿਆ ਹੋਇਆ ਹੈ, ਪਰ ਉਹ ਬਚਿਆ ਹੋਇਆ ਨਹੀ ਹੁੰਦਾ ਹੈ। ਉਹ ਤਾਂ ਪਖੰਡ ਦੇ ਡੂੰਗੇ ਟੋਏ ਵਿਚ ਹੁੰਦਾ ਹੈ।

110 ਕਲੀਸਿਯਾ ਦੇ ਮੈਬਰ ਜਥੇਬੰਦੀ ਦਾ ਫਿਲਟਰ ਭਾਲਦੇ ਹਨ ਤਾਂ ਕਿ ਉਸ ਰਾਹੀਂ ਆਪਣੀਆਂ ਇਛਾਵਾਂ ਪੂਰੀਆਂ ਕਰ ਸਕਣ ਅਤੇ ਫਿਰ ਵੀ "ਧਰਮੀਆਂ"

ਦੇ ਵਰਗ ਵਿਚ ਗਿਣੇ ਜਾਣ। ਤੁਸੀਂ ਉਨ੍ਹਾਂ ਨੂੰ ਇਹ ਕਹਿੰਦੇ ਹੋਏ ਸੁਣ ਸਕਦੇ ਹੋ, "ਔਹ, ਉਹ ਬਹੁਤ ਧਰਮੀ ਹੈ।"

111 ਇੱਕ ਦਿਨ ਮੈਂ ਅਫ੍ਰੀਕਾ ਵਿਚ ਸੀ, ਅਤੇ ਉੱਥੇ ਉਹ ਇਹਨਾਂ ਬਾਰੇ ਗਲਾਂ ਕਰ ਰਹੇ ਸਨ, ਉੱਥੇ ਕੁਝ ਬੱਚੇ ਰੋਕ ਐਂਡ ਰੋਲ ਗੀਤ ਜਿਹਨਾਂ ਨੂੰ ਏਲਵਿਸ ਪ੍ਰੇਸਲੀ, ਪੈਟ ਬੂਨ, ਰਿੱਕੀ ਨੇਲਸਨ ਅਤੇ ਹੋਰਨਾਂ ਨੇ ਗਾਇਆ ਹੈ, ਦੇ ਬਾਰੇ ਗੱਲਾਂ ਕਰ ਰਹੇ ਸਨ। ਮੈਂ ਕਿਹਾ, "ਉਹ ਤਾਂ ਧਰਮ ਤਿਆਗਿਆਂ ਦਾ ਟੋਲਾ ਹੈ।"

ਕਿਸੇ ਛੋਟੀ ਕੁੜੀ ਨੇ ਆਖਿਆ, "ਕਿਉਂ, ਉਹ ਬਹੁਤ ਧਰਮੀ ਹੈ।"

112 ਮੈਂ ਕਿਹਾ, "ਯਹੂਦਾ ਵੀ ਉਵੇਂ ਦਾ ਹੀ ਸੀ।" ਮੈਂ ਕਿਹਾ, "ਯਹੂਦਾ ਨੇ ਤਾਂ ਚਾਂਦੀ ਦੇ ਤੀਹ ਸਿੱਕੇ ਹੀ ਲਏ ਸਨ; ਏਲਵਿਸ ਪ੍ਰੇਸਲੀ ਨੇ ਕਰੋੜਾਂ ਡੋਲਰ ਲਏ ਹਨ।" ਵੇਖਿਆ? "ਉਹਨਾਂ ਦੋਹਾਂ ਨੇ ਹੀ ਆਪਣੇ ਜਨਮ ਸਿਧ ਅਧਿਕਾਰ ਵੇਚ ਦਿੱਤੇ।" ਸਮਝੇ? ਮੈਂ ਕਿਹਾ, "ਉਹ ਕੁਝ ਨਹੀ ਹਨ...ਉਹ ਤਾਂ ਬੜਾ ਬੁਰਾ ਕਰਜਾ ਹੈ ਜੋ ਦੇਸ਼ ਨੂੰ ਮਿਲਿਆ ਹੈ।" ਤਾਂ ਵੀ, ਉਹ ਉਸੇ ਤਰ੍ਹਾਂ ਧੋਖਾ ਦੇਣ ਵਾਲੇ ਹਨ ਜਿਵੇਂ ਸਿਗਰੇਟ ਦਾ ਫਿਲਟਰ ਹੁੰਦਾ ਹੈ, ਇਹ ਸੰਸਥਾਵਾਂ ਉਨ੍ਹਾਂ ਮੈਂਬਰਾਂ ਨੂੰ ਚਰਚ ਅੰਦਰ ਆਉਣ ਦਿੰਦੀਆਂ ਹਨ। ਉਹਨਾਂ ਨੂੰ ਨਹੀ ਕਰਨਾ ਚਾਹੀਦਾ... ਕਨੂੰਨ ਹੋਣਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਲੋਕ ਧਾਰਮਿਕ ਗੀਤ ਨਹੀ ਗਾ ਸਕਦੇ। ਇਹ ਵਿਰੁੱਧ ਹੈ...ਉਹਨਾਂ ਲਈ ਇਹ ਕਰਨਾ ਕਾਨੂੰਨ ਦੇ ਵਿਰੁਧ ਹੋਣਾ ਚਾਹੀਦਾ ਹੈ।

ਪ੍ਰੰਤੂ ਸਭ ਕੁਝ ਪਖੰਡ ਦਾ ਇੱਕ ਵੱਡਾ ਢੇਰ ਬਣ ਗਿਆ ਹੈ, ਅਤੇ ਇਹ ਹੈ ਜਿੱਥੇ ਉਹ ਅੱਜ ਠਹਿਰੇ ਹੋਏ ਹਨ। ਪ੍ਰਾਣ ਦਾ [ਟੇਪ ਵਿਚ ਖਾਲੀ ਥਾਂ—ਸੰਪਾ] ਸੱਚਾ ਫਿਲਟਰ ਕਹਿੰਦਾ ਹੈ, "ਜੇ ਤੁਸੀਂ ਦੁਨੀਆਂ ਨੂੰ ਜਾਂ ਦੁਨੀਆਂ ਦੀਆਂ ਵਸਤਾਂ ਨੂੰ ਪਿਆਰ ਕਰਦੇ ਹੋ ਤਾਂ ਪ੍ਰਮੇਸ਼ਵਰ ਦਾ ਪਿਆਰ ਤੁਹਾਡੇ ਵਿਚ ਨਹੀ ਹੈ।"

113 ਵੇਖੋ, ਤੁਸੀਂ ਨਹੀ—ਨਹੀ ਕਹਿ ਸਕਦੇ ਕਿ ਰੋਕ ਐਂਡ ਰੋਲ ਦੁਨੀਆਂ ਤੋਂ ਹੈ...ਜਾਂ ਪ੍ਰਮੇਸ਼ਵਰ ਤੋਂ ਹੈ। ਰੋਕ ਐਂਡ ਰੋਲ ਦੁਨੀਆਂ ਵੱਲੋਂ ਹੈ। ਇਹ ਸਾਰੇ ਨਾਚ ਰੰਗ...ਛਣੀਆਂ ਹੋਈਆਂ ਗੰਦੀਆਂ ਚੀਜ਼ਾਂ ਅਸਲ ਵਿਚ ਸੰਸਾਰ ਤੋਂ ਹਨ।

ਤੁਸੀਂ ਇਹ ਨਹੀ ਕਹਿ ਸਕਦੇ ਕਿ ਜਨਾਨੀ ਦੇ ਕੱਟੇ ਹੋਏ ਵਾਲ ਪ੍ਰਮੇਸ਼ਵਰ ਵੱਲੋਂ ਹੈ। ਬਾਈਬਲ ਆਖਦੀ ਹੈ ਇਹ ਨਹੀ ਹੈ, ਇਸ ਲਈ ਇਹ ਸੰਸਾਰ ਦੀ ਗੰਦਗੀ ਹੈ। ਅਤੇ ਜੇ ਤੁਸੀਂ ਸੰਸਾਰ ਨੂੰ ਥੋੜਾ ਜਿਹਾ ਵੀ ਪਿਆਰ ਕਰਦੇ ਹੋ, ਤਾਂ ਪ੍ਰਮੇਸ਼ਵਰ ਦਾ ਪਿਆਰ ਤੁਹਾਡੇ ਵਿਚ ਨਹੀ ਹੈ। ਸਮਝੇ?

114 ਉਹ ਕੀ ਹੈ? ਚੰਗਾ, ਇਸਨੂੰ ਕੀ ਖਿਚ ਰਿਹਾ ਹੈ? ਇਹ ਤੁਹਾਡੇ ਅੰਦਰ ਕੁਝ ਹੈ ਜੋ ਇਸਨੂੰ ਖਿਚ ਰਿਹਾ ਹੈ। ਪ੍ਰਾਣ ਤੁਹਾਡੇ ਸ੍ਰੋਤ ਨੂੰ, ਬਾਹਰੋਂ ਆਤਮਾ ਰਾਹੀਂ ਪ੍ਰਾਣ ਦੇ ਅੰਦਰ ਖਿਚ ਰਿਹਾ ਹੈ। ਅਤੇ ਜੇ ਪ੍ਰਾਣ ਦੁਨੀਆਂ ਨਾਲ ਪਿਆਰ ਕਰਦਾ

ਹੈ ਤਾਂ ਇਹ ਮਰਿਆ ਹੋਇਆ ਹੈ। ਮੈਨੂੰ ਕੋਈ ਪ੍ਰਵਾਹ ਨਹੀ ਕਿ ਇਹ *ਇੱਥੋਂ* ਬਾਹਰੋਂ, ਕਿੰਨਾਂ ਕੁ ਮਸੂ੍ਹਾ ਕੀਤਾ ਹੋਇਆ ਹੈ। ਅਤੇ *ਇਥੋਂ* ਬਾਹਰੋਂ ਇਹ ਕਿੰਨਾਂ ਕੁ ਧਰਮੀ ਹੈ; ਪਰ *ਉੱਥੇ* ਬਾਹਰ ਉਹ ਮੌਤ ਵਿਚ ਹੈ। "ਕਿਉਂਕਿ ਜਿਹੜਾ ਸੰਸਾਰ ਜਾਂ ਸੰਸਾਰ ਦੀਆਂ ਵਸਤਾਂ ਨੂੰ ਪਿਆਰ ਕਰਦਾ ਹੈ ਪ੍ਰਮੇਸ਼ਵਰ ਦਾ ਪਿਆਰ ਉਸ ਵਿਚ ਨਹੀ ਹੈ," ਕੋਈ ਮਤਲਬ ਨਹੀ ਉਹ ਕਿੰਨਾਂ ਕੁ ਧਰਮੀ ਹੈ।

115 ਸੱਚਾ ਫਿਲਟਰ, ਤਾਂ ਇਸ, ਤਰ੍ਹਾਂ—ਉਹ ਉਹਨਾਂ ਸਾਰੀਆਂ ਚੀਜ਼ਾਂ ਨੂੰ ਬਾਹਰ ਕਢ ਦੇਵੇਗਾ ਅਤੇ ਅੰਦਰ ਹੋਰ ਕੁਝ ਨਹੀ ਬਲਕਿ ਪ੍ਰਮੇਸ਼ਵਰ ਦੀ ਸਚਾਈ, ਵਚਨ ਨੂੰ, ਅਸਲੀ ਸੱਚੇ ਪ੍ਰਾਣਾਂ ਵਿਚ ਲੈ ਕੇ ਆਵੇਗਾ।

116 ਉਹ ਏਸਾਓ ਵਰਗੇ ਹਨ, ਜੋ ਬਾਹਰੋਂ ਠੀਕ ਹਨ। ਏਸਾਓ ਬਾਹਰੋਂ ਧਰਮੀ ਸੀ। ਅਤੇ ਜਦ ਧਰਮ ਦੀ ਗੱਲ ਆਉਂਦੀ ਹੈ, ਤਾਂ ਇਹ ਯਕੂਬ ਨਾਲੋਂ ਵੀ ਧਰਮੀ ਲੱਗਦਾ ਸੀ। ਉਹ ਯਾਕੂਬ ਨਾਲੋਂ ਵੀ ਵਧੀਆ ਆਦਮੀ ਲੱਗਦਾ ਸੀ, ਪਰ ਜੋ ਉਸਦੇ ਅੰਦਰ ਸੀ, ਉਹ ਹੀ ਉਹ ਸੀ। ਬਾਹਰੀ ਤੌਰ ਤੇ ਉਹ ਧਰਮੀ ਸੀ ਪਰ ਉਸਦੀ ਸੋਚ ਛਣੀ ਹੋਈ ਨਹੀ ਸੀ। ਉਸਨੇ ਆਪਣੇ ਜਨਮ ਸਿੱਧ ਅਧਿਕਾਰ ਦੇ ਬਾਰੇ ਨਹੀ ਸੋਚਿਆ ਸੀ। ਉਸਨੇ—ਉਸਨੇ ਇਹ ਨਹੀ ਸੋਚਿਆ ਕਿ ਪ੍ਰਮੇਸ਼ਵਰ, ਇਹ ਨਹੀ ਸੋਚਿਆ ਸੀ ਕਿ ਜਨਮ ਸਿੱਧ ਅਧਿਕਾਰ ਦਾ ਅਰਥ ਉਹ ਹੈ ਜੋ ਖੁਦਾ ਨੇ ਕਿਹਾ ਸੀ ਕਿ ਇਹ ਹੈ। ਉਸਨੇ, ਉੱਥੇ ਕਿਹਾ ਸੀ, "ਮੈਂ ਭੁੱਖਾ ਹਾਂ, ਜੇਠੇ ਹੋਣ ਦੇ ਜਨਮ ਸਿੱਧ ਅਧਿਕਾਰ ਨਾਲ ਕੀ ਫਰਕ ਪੈਂਦਾ ਹੈ? ਜੇ ਤੂੰ ਚਾਹੁੰਦਾ ਹੈਂ ਤਾਂ ਤੂੰ ਇਸਨੂੰ ਲੈ ਲਾ।" ਹੇ ਮੇਰੇ ਖੁਦਾ! ਸਮਝੇ?

"ਮੈਂ ਚਰਚ ਜਾਂਦਾ ਹਾਂ; ਮੈਂ ਉਸੇ ਤਰ੍ਹਾਂ ਭਲਾ ਹਾਂ ਜਿਵੇਂ ਤੂੰ ਹੈਂ। ਮੇਰੀ ਸੰਸਥਾ ਇਸ ਤਰ੍ਹਾਂ ਹੈ ਜਿਵੇਂ…ਇਹ ਦੁਨੀਆਂ ਦੀਆਂ ਮਹਾਨ ਸੰਸਥਾਵਾਂ ਵਿਚੋਂ ਇੱਕ ਹੈ। ਮੇਰੀ ਮਾਂ ਇਸਦੀ ਮੈਂਬਰ ਸੀ। ਮੇਰਾ ਪਿਤਾ ਇਸਦਾ ਮੈਂਬਰ ਸੀ। *ਇਹ* ਸਭ, *ਉਹ* ਸਭ, ਅਤੇ *ਹੋਰ ਵੀ*।। ਮੇਰਾ ਪਾਸਟਰ ਪੜ੍ਹਿਆ ਲਿਖਿਆ ਸੀ; ਉਸ ਕੋਲ *ਫਲਾਂ—ਫਲਾਂ* ਸੀ।" ਇਹ ਉਸਨੂੰ ਖੁਦਾ ਤੋਂ ਹੋਰ ਵੀ ਦੂਰ ਲੈ ਜਾਂਦਾ ਹੈ। ਇਹ ਸਮਝਦਾਰ ਮਨੁੱਖ ਦੀ ਛਾਨਣੀ ਨਹੀ ਹੈ।

ਜੇ ਇਹ ਹੁੰਦੀ, ਤਾਂ ਫਿਰ ਪਤਰਸ ਉਹ ਕਿਵੇਂ ਹੋ ਸਕਦਾ ਸੀ ਜੋ ਉਹ ਸੀ, ਜਦਕਿ ਉਹ ਆਪਣਾ ਨਾਮ ਵੀ ਨਹੀ ਲਿਖ ਸਕਦਾ ਸੀ? ਪਰ ਉਸਨੇ ਸਮਝਦਾਰ ਮਨੁੱਖ ਦੀ ਛਾਨਣੀ ਲਈ ਸੀ। ਧਿਆਨ ਦਿਓ। ਹੇ, ਮੇਰੇ ਪ੍ਰਭੂ!

117 ਏਸਾਓ ਨੇ ਇਹ ਸੋਚਿਆ ਸੀ ਕਿ ਜਨਮ ਸਿੱਧ ਅਧਿਕਾਰ ਦਾ ਮਤਲਬ ਉਹ ਨਹੀ ਹੈ ਜੋ ਖੁਦਾ ਨੇ ਉਸਨੂੰ ਦੱਸਿਆ ਸੀ। ਇਹ ਹੀ ਜੀਵਨ ਅਤੇ ਮੌਤ ਵਿਚਲਾ ਅੰਤਰ ਸੀ। ਅਤੇ ਉਸੇ ਤਰ੍ਹਾਂ, ਹਵਾ ਅਤੇ ਯਹੂਦਾ ਵਾਂਗ ਹੀ ਸਭਿਅਤਾ ਦੇ ਗਿਆਨ ਦੇ ਸਵਾਦ ਦੀ ਸੰਤੁਸ਼ਟੀ ਲਈ ਆਪਣਾ ਜਨਮ ਸਿੱਧ ਅਧਿਕਾਰ

ਵੇਚ ਦਿੱਤਾ ਸੀ। ਬਿਲਕੁਲ ਇਸੇ ਲਈ ਹੀ ਹਵਾਹ ਨੇ ਆਪਣਾ ਜਨਮ ਸਿੱਧ ਅਧਿਕਾਰ ਵੇਚ ਦਿੱਤਾ ਸੀ। ਉਸਨੇ ਇਸਨੂੰ ਥੋੜੇ ਜਿਹੇ ਵਿਗਿਆਨ ਦੇ ਸਵਾਦ ਲਈ, ਦੁਨਿਆਵੀ ਗਿਆਨ ਦੇ ਥੋੜੇ ਜਿਹੇ ਸਵਾਦ ਲਈ ਵੇਚ ਦਿੱਤਾ ਸੀ, ਜਿਵੇਂ ਕਿ ਅੱਜ ਇਸਨੂੰ ਕਿਹਾ ਜਾਵੇਗਾ, ਥੋੜੇ ਜਿਹੇ ਵਧੀਆ ਚਰਚ ਦੇ ਲਈ, ਥੋੜੇ ਜਿਹੇ ਉਚ ਵਰਗ ਦੇ ਲੋਕਾਂ ਲਈ ਵੇਚ ਦਿੱਤਾ ਸੀ। ਸਮਝੇ?

ਅਤੇ ਯਹੂਦਾ ਨੇ ਆਪਣਾ ਜਨਮ ਸਿੱਧ ਅਧਿਕਾਰ ਚਾਂਦੀ ਦੇ ਤੀਹ ਸਿੱਕਿਆਂ ਵਿਚ ਵੇਚ ਦਿੱਤਾ ਸੀ, ਅਤੇ ਉਸਨੇ ਥੋੜੇ ਜਿਹੇ ਹੋਰ ਡਾਲਰ ਕਮਾ ਲਏ ਸਨ। "ਮੇਰੀ ਸੰਗਤ ਇੱਥੇ ਮੈਨੂੰ ਵੱਧ ਪੈਸਾ ਦੇ ਸੱਕਦੀ ਹੈ, ਅਤੇ ਮੈਂ ਬਸ ਇੱਥੇ ਹੀ ਪ੍ਰਚਾਰ ਕਰਾਂਗਾ।" ਸਮਝੇ? "ਜੇ ਮੈਂ ਪ੍ਰਚਾਰਕ ਬਣ ਜਾਵਾਂ ਤਾਂ..."

118 ਉਹ ਕਹਿੰਦੇ ਹਨ, "ਭਾਈ ਬ੍ਰਾਨਹਮ, ਅਸੀਂ ਵਿਸ਼ਵਾਸ ਕਰਦੇ ਹਾਂ ਕਿ ਸੰਦੇਸ਼ ਸੱਚਾ ਹੈ, ਪਰ ਅਸੀਂ ਇਸਨੂੰ ਕਬੂਲ ਨਹੀ ਕਰ ਸੱਕਦੇ। ਜੇ ਅਸੀਂ ਕਬੂਲ ਕਰ ਲਿਆ, ਤਾਂ ਅਸੀਂ ਪ੍ਰਚਾਰ ਕਿੱਥੇ ਕਰਾਂਗੇ?" ਹਹਹ! ਭਾਇਓ, ਸੰਸਾਰ ਹੀ, ਤੁਹਾਡਾ ਧਾਰਮਿਕ ਪ੍ਰਬੰਧ ਹੈ। ਇਹ ਪੱਕੀ ਗੱਲ ਹੈ। "ਅਛਾ, ਕੋਈ ਵੀ ਭਾਈ ਮੇਰੀ ਮਦਦ ਨਹੀ ਕਰੇਗਾ।" ਮੈਂ—ਮੈਂ ਕਿਸੇ ਵੀ ਭਾਈ ਵੱਲ ਨਹੀ ਵੇਖ ਨਹੀ ਰਿਹਾ ਹਾਂ ਕਿ ਉਹ ਮੇਰੀ ਮਦਦ ਕਰੇ। ਮੈ ਯਿਸੂ ਮਸੀਹ ਵੱਲ ਵੇਖ ਰਿਹਾ ਹਾਂ ਕਿ ਉਹ ਮੇਰੀ ਮਦਦ ਕਰੇ, ਕਿਉਂਕਿ ਉਹ ਇਸਦੇ ਨਾਲ ਖੜ੍ਹਾ ਹੈ। ਉਹ ਹੀ ਇਕ ਹੈ ਜਿਸਨੇ ਕਿਹਾ ਸੀ।

119 ਅਤੇ ਜਦੋਂ ਅਸਲੀ ਜਨਮ ਸਿੱਧ ਅਧਿਕਾਰ, ਲਹੂ ਵਿੱਚ ਦੀ, ਅਥਵਾ ਵਚਨ ਵਿੱਚ ਦੀ ਪੁਣ ਹੋ ਕੇ ਆਉਂਦਾ ਹੈ; ਤਾਂ ਸਾਰੇ ਪਾਪ, ਅਤੇ ਦੁਨੀਆਂਦਾਰੀ, ਅਤੇ ਚਰਚ, ਅਤੇ ਸੰਸਥਾਵਾਂ, ਅਤੇ ਫਿਰਕਾਪ੍ਰਸਤੀ, ਬਾਹਰ ਰਹੀ ਜਾਂਦੀ ਹੈ। ਪੜ੍ਹਾਈ ਲਿਖਾਈ, ਸਭਿਅਤਾ, ਚਰਚ, ਸੰਸਥਾਵਾਂ, ਪ੍ਰਬੰਧ ਅਤੇ ਸਭ ਤਰ੍ਹਾਂ ਦੇ ਪਾਪ ਬਾਹਰ ਰਹਿ ਜਾਂਦੇ ਹਨ ਜਦੋਂ ਇੱਕ ਸਮਝਦਾਰ ਆਦਮੀ, ਸਮਝਦਾਰ ਮਨੁੱਖ ਵਾਲੀ ਛਾਨਣੀ ਲੈ ਲੈਂਦਾ ਹੈ, ਪ੍ਰਮੇਸ਼ਵਰ ਦੇ ਵਿਚਾਰ ਅਨੁਸਾਰ।

120 ਫਿਰ ਇਸ ਵਿੱਚ ਕੁਝ ਬਾਕੀ ਨਹੀ ਰਹਿੰਦਾ ਹੈ ਜਦ ਕੋਈ ਆਦਮੀ ਖੁਦਾ ਦੀ ਛਾਨਣੀ ਵਿਚ ਦੀ ਆਪਣਾ—ਆਪਣਾ ਜੀਵਨ ਛਾਣਦਾ ਹੈ; ਧਿਆਨ ਦਿਓ, ਇੱਥੇ ਤੁਹਾਡਾ ਸਾਰਾ ਜੀਵਨ ਪਾਪ ਦੇ ਬਖੇੜੇ ਵਿੱਚ ਸੀ, ਕਿਉਂਕਿ ਤੁਸੀਂ "ਪਾਪ ਵਿਚ ਜਨਮੇ, ਕੁਧਰਮ ਵਿਚ ਪਲੇ ਅਤੇ ਝੂਠ ਬੋਲਦੇ ਹੋਏ ਜਗਤ ਵਿਚ ਆਏ।"

ਮੈਂ ਕੁਝ ਕਹਿਣ ਜਾ ਰਿਹਾ ਹਾਂ, ਜਿਵੇਂ ਭਾਈ ਮੈਕਕੋਲਫ਼ ਕਹਿੰਦੇ ਹੁੰਦੇ ਸਨ। ਮੇਰੀ ਸੁਣੋ।

121 ਜਦ ਤੁਸੀਂ ਇਸ ਜਗਤ ਵਿਚ ਆਏ, ਤਾਂ ਤੁਸੀਂ ਪਾਪ ਵਿਚ ਜਨਮੇ ਸੀ। ਇਥੋਂ ਤੱਕ ਕਿ ਤੁਸੀਂ ਲੜ੍ਹਨ ਦੇ ਮੌਕੇ ਨਾਲ ਨਹੀ ਆਏ ਸੀ। ਤੁਸੀਂ "ਪਾਪ

ਵਿਚ ਪੈਦਾ ਹੋਏ, ਕੁਧਰਮ ਵਿਚ ਪਲੇ, ਝੂਠ ਬੋਲਦੇ ਹੋਏ ਦੁਨੀਆ ਵਿਚ ਆਏ," ਤੁਹਾਡੇ ਆਪਣੀ ਆਤਮਾ ਦੇ ਅੰਦਰ, ਪਾਪ ਦੀ ਇਛਾ ਸੀ, ਤੁਹਾਨੂੰ ਪਾਪ ਨਾਲ ਪਿਆਰ ਸੀ ਕਿਉਂਕਿ ਤੁਸੀਂ ਪਾਪ ਵਿਚ ਜਨਮੇ ਸੀ। ਤੁਹਾਡੇ ਕੋਲ ਕੋਈ ਮੌਕਾ ਨਹੀ ਸੀ।

ਪ੍ਰੰਤੂ ਤੁਹਾਡੇ ਅੰਦਰ ਕਿਤੇ, ਹੇਠਾਂ ਕੁਝ ਅਜਿਹਾ ਸੀ, ਜੇ ਤੁਸੀਂ ਜਾਣ ਜਾਂਦੇ ਹੋ, ਤਾਂ ਕੁਝ ਤਾਂ ਹੈ ਜਿਸਨੇ ਤੁਹਾਨੂੰ ਦੱਸਿਆ ਕਿ ਕਿਤੇ ਕੋਈ ਖੁਦਾ ਹੈ; ਅਤੇ ਤੁਸੀਂ ਉਸਦਾ ਵਚਨ ਪੜ੍ਹਿਆ। ਫਿਰ ਤੁਸੀਂ ਚਰਚ ਵਿਚ ਗਏ, ਅਤੇ ਉਨ੍ਹਾਂ ਦੇ ਵਿਚਰਣ ਨੂੰ ਲੈ ਲਿਆ ਜਦ ਤੁਹਾਨੂੰ ਵਧੀਆ ਢੰਗ ਨਾਲ ਦੱਸਿਆ ਗਿਆ, ਪਰ ਤੁਸੀਂ ਸਮਝਦਾਰ ਆਦਮੀ ਵਾਲੀ ਛਨਣੀ ਦਾ ਕਦੇ ਇਸਤੇਮਾਲ ਨਹੀ ਕੀਤਾ। ਪਰ ਜਦ ਤੁਸੀਂ ਖੁਦਾ ਦੀ ਛਨਣੀ ਨੂੰ ਇਸਤੇਮਾਲ ਕੀਤਾ, ਜਿਹੜੀ ਕਿ ਸਮਝਦਾਰ ਮਨੁੱਖ ਦੀ ਛਨਣੀ ਹੈ, ਕਿਉਕਿ, "ਬਾਕੀ ਸਭ ਛਾਨਣੀਆਂ ਟਲ ਜਾਣਗੀਆਂ, ਪਰ ਮੇਰੀ ਛਾਨਣੀ ਕਦੇ ਨਾ ਟਲੇਗੀ।" ਅਤੇ ਜਦ ਤੁਸੀਂ ਖੁਦਾ ਦੀ ਛਾਨਣੀ ਨੂੰ ਲੈਂਦੇ ਹੋ ਅਤੇ ਆਪਣਾ ਜੀਵਨ, ਆਪਣੀਆਂ ਇਛਾਵਾਂ ਨੂੰ ਉਸ ਵਿਚੋਂ ਦੀ ਛਾਣਦੇ ਹੋ; ਜੇ ਤੁਸੀਂ ਆਪਣੀਆਂ ਇਛਾਵਾਂ ਨੂੰ ਪ੍ਰਮੇਸ਼ਵਰ ਦੀ ਛਾਨਣੀ, ਅਥਵਾ ਸਮਝਦਾਰ ਮਨੁੱਖ ਦੀ ਛਾਨਣੀ ਵਿਚ ਦੀ ਛਾਣਦੇ ਹੋ, ਤਾਂ ਫਿਰ ਹੋਰ ਕੁਝ ਨਹੀ ਬਲਕਿ ਪਵਿਤਰ ਆਤਮਾ ਹੀ ਬਾਕੀ ਰਹਿ ਜਾਂਦਾ ਹੈ।

122 ਹੁਣ, ਜੇ ਤੁਸੀਂ ਪਵਿਤਰ ਆਤਮਾ ਦਾ ਸਬੂਤ ਚਾਹੁੰਦੇ ਹੋ, ਤਾਂ ਉਹ ਇਹ ਹੀ ਹੈ। ਜਦ ਤੁਹਾਡਾ ਪ੍ਰਾਣ ਵਚਨ ਦੀ, ਹਰ ਇਕ ਲਾਈਨ ਨਾਲ ਸਿੱਧਾ ਹੁੰਦਾ ਹੈ, ਤਾਂ ਇਹ ਵਿਖਾਉਂਦਾ ਹੈ ਕਿ ਤੁਸੀਂ ਆਪਣੇ ਜੀਵਨ ਨੂੰ ਸਮਝਦਾਰ ਮਨੁੱਖ ਦੀ ਅਥਵਾ ਖੁਦਾ ਦੇ ਵਚਨ ਦੀ ਛਾਨਣੀ ਵਿਚ ਦੀ ਛਾਣ ਲਿਆ ਹੈ।

123 ਧਿਆਨ ਦਿਓ, ਕੀ ਇਹ ਹੀ ਖੁਦਾ ਦਾ ਫਿਲਟਰ ਹੈ? ਉਸਨੇ ਕਿਹਾ ਸੀ, "ਅਸੀਂ ਵਚਨ ਦੇ ਜਲ ਨਾਲ ਸ਼ੁੱਧ ਕੀਤੇ ਗਏ।"

ਅਤੇ ਜਦੋਂ ਖੁਦਾ ਨੇ ਆਦਮ ਅਤੇ ਹਵਾ ਨੂੰ ਆਪਣੀ ਛਾਨਣੀ ਦਿੱਤੀ ਸੀ, ਅਦਨ ਦੇ ਬਾਗ ਵਿੱਚ, ਉਸਨੇ ਕਿਹਾ ਸੀ, "ਤੁਸੀਂ *ਇਸ* ਵਿਚੋਂ ਦੀ ਕਿਸੇ ਨੂੰ ਵੀ ਨਹੀ ਖਿਚਣਾ ਹੈ।" ਪਰ ਸ਼ੈਤਾਨ ਨੇ ਇਸ ਵਿਚ ਸ਼ੇਕ ਕਰ ਦਿੱਤਾ ਅਤੇ ਕਿਹਾ, "ਓਹ, ਇਹ ਤਾਂ ਥੋੜਾ ਜਿਹਾ ਹੈ, ਇਹ ਤੁਹਾਡਾ ਨੁਕਸਾਨ ਨਹੀ ਕਰੇਗਾ।" ਸਿਰਫ ਇੱਕ ਤਿਪਕਾ, ਇਸ ਵਿਚ ਸੁਟਿਆ ਗਿਆ, ਅਤੇ ਉਸਨੇ ਹੀ ਸਾਰੀ ਮਨੁੱਖ ਜਾਤੀ ਵਿੱਚ ਮੌਤ ਲੈ ਆਂਦੀ।

124 ਬਸ ਇਹੀ ਉਹ ਲੈਂਦੇ ਹਨ, ਬਸ ਨਿਕੋਟੀਨ ਦਾ ਇੱਕ ਸਵਾਦ ਲੈਂਦੇ ਹਨ ਅਤੇ ਫਿਰ ਉਹ ਨਾਸ਼ ਹੋ ਜਾਂਦੇ ਹਨ।

125 ਪਰ ਉੱਥੇ ਪਵਿਤਰ ਆਤਮਾ ਤੋਂ ਇਲਾਵਾ ਹੋਰ ਕੁਝ ਬਾਕੀ ਨਹੀ ਬਚਦਾ ਹੈ।

126 ਅਤੇ ਫਿਰ ਇਹ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਤੁਹਾਡੇ ਵਿਚ ਅਗੇਤਰਾ ਠਹਿਰਾਇਆ ਹੋਇਆ ਬੀਜ ਸੀ, ਜਿਸਨੇ ਤੁਹਾਡੇ ਅੰਦਰ ਪ੍ਰਮੇਸ਼ਵਰ ਲਈ ਭੁੱਖ ਵਿਖਾਈ। "ਜਿੰਨਿਆਂ ਨੂੰ ਪਿਤਾ ਨੇ ਮੈਨੂੰ ਦਿੱਤਾ ਹੈ, ਛੁਟਕਾਰੇ ਲਈ ਮੈਨੂੰ ਦਿੱਤਾ ਹੈ; ਉਹ ਮੇਰੇ ਨਾਲ ਕਲਵਰੀ ਤੇ ਮਰੇ ਸਨ; ਉਹ ਜੀ ਉਠਣ ਵੇਲੇ ਮੇਰੇ ਨਾਲ ਜੀ ਉੱਠੇ; ਜਿੰਨੇ ਉਸਨੇ ਮੈਨੂੰ ਦਿੱਤੇ ਸਨ, ਸਾਰੇ ਮੇਰੇ ਕੋਲ ਆਉਣਗੇ। ਉਹ ਦੇਹ ਵਿਚ ਠਹਿਰਾਏ ਜਾਣਗੇ, ਪੈਰ, ਹੱਥ, ਬਾਂਹ, ਨੱਕ, ਮੂੰਹ, ਅਤੇ ਜੋ ਕੁਝ ਵੀ; ਉਹਨਾਂ ਨੂੰ ਉੱਥੇ ਉਸ ਜਗ੍ਹਾ ਤੇ ਰੱਖਿਆ ਜਾਵੇਗਾ। ਅਤੇ ਉਹ ਆਪਣੇ ਸਮੇਂ ਵਿਚ ਮੇਰੇ ਕੋਲ ਆਉਣਗੇ।" ਓਹ, ਮੇਰੇ ਖੁਦਾ!

127 ਦੁਨੀਆਂ ਦੇ ਸਾਰੇ ਪਾਪਾਂ ਦੀ ਇਹ ਹੀ ਇੱਕ ਛਾਨਣੀ ਹੈ, ਅਤੇ ਸੰਸਾਰ ਨਾਲ ਪਿਆਰ ਮੌਤ ਹੈ, ਅਤੇ ਇਹ ਪ੍ਰਾਣ ਸਿਰਫ ਇੱਕ ਹੀ ਚੀਜ਼ ਖਿਚ ਰਿਹਾ ਹੈ। ਇਹ ਇੱਥੇ ਹੈ...ਇਸਨੂੰ ਯਾਦ ਰੱਖੋ! ਇਸਨੂੰ ਭੁੱਲ ਨਾ ਜਾਇਓ। ਤੁਸੀਂ ਸਭ ਜਿਹੜੇ ਟੇਲੀਫ਼ੋਨ ਰਾਹੀਂ ਸੁਣ ਰਹੇ ਹੋ ਇਸਨੂੰ ਆਪਣੇ ਮੰਨ ਵਿਚ ਬਿਠਾ ਲਓ। ਜਦ ਸਮਝਦਾਰ ਆਦਮੀ ਸੋਚਣਾ ਸ਼ੁਰੂ ਕਰਦਾ ਹੈ ਕਿ ਉਸਨੇ ਕਿਹਦੇ ਅੱਗੇ ਖੜ੍ਹਾ ਹੋਣਾ ਹੈ, ਅਤੇ ਪ੍ਰਮੇਸ਼ਵਰ ਦਾ ਵਚਨ ਕੀ ਹੈ; ਜਦ ਉਹ ਇਹ ਸੋਚਣਾ ਸ਼ੁਰੂ ਕਰਦਾ ਹੈ, ਤਾਂ ਫਿਰ ਉਹ ਉਸਦੇ ਰਾਹੀਂ ਛਾਣਦਾ ਹੈ, ਤਦ ਪਵਿਤਰ ਆਤਮਾ ਤਿਨ ਇਲਾਵਾ ਕੁਝ ਹੋਰ ਨਹੀ ਆ ਸਕਦਾ ਹੈ।

ਇਹ ਕੀ ਹੈ? ਇਹ ਜੀਵਾਣੂ ਸੀ, ਮੁਢ ਤੋਂ ਹੀ ਵਚਨ ਰੂਪੀ ਬੀਜ ਹੈ, ਕਿ ਤੁਸੀਂ ਸ਼ੁਰੂ ਤੋਂ ਹੀ ਪ੍ਰਮੇਸ਼ਵਰ ਦੇ ਵਿਚ ਸੀ, ਜੋ ਕਿ ਇੱਥੇ ਹੈ ਅਤੇ ਜੀਵਨ ਰੂਪੀ ਬੀਜ ਨੂੰ ਖਿਚ ਰਿਹਾ ਹੈ। ਬੀਜ ਤੁਹਾਡੇ ਦਿਲ ਵਿਚ ਪਹਿਲਾਂ ਤੋਂ ਹੀ ਠਹਿਰਾਇਆ ਗਿਆ ਸੀ। ਹਲੇਲੂਯਾਹ! ਪ੍ਰਮੇਸ਼ਵਰ ਦੇ ਅਗੇਤਰੇ ਗਿਆਨ ਨਾਲ, ਉਹ ਬੀਜ, ਜਗਤ ਦੀ ਨੀਂਹ ਧਰਨ ਤੋਂ ਪਹਿਲਾਂ, ਹੀ ਉੱਥੇ ਹੈ। ਅਤੇ ਜਦ ਇਸਨੂੰ ਛਾਣਿਆ ਜਾਂਦਾ ਹੈ, ਤਾਂ ਇਹ ਵਚਨ ਤੋਂ ਇਲਾਵਾ ਹੋਰ ਕਿਸੇ ਚੀਜ ਵਿੱਚ ਨਹੀ ਛਣ ਸੱਕਦਾ।

ਅਤੇ ਫਿਰ ਇਹ ਸਮਝਦਾਰ ਮਨੁੱਖ, ਧਰਮੀ ਮਨੁੱਖ, ਅਥਵਾ ਪਵਿੱਤਰ ਮਨੁੱਖ ਦਾ ਸਵਾਦ ਬਣਦਾ ਹੈ ਜੋ ਬਾਈਬਲ ਵਿਚ ਵੇਖਦਾ ਹੈ, ਕਿ ਯਿਸੂ ਮਸੀਹ ਕੱਲ ਅੱਜ ਅਤੇ ਯੁਗੋ—ਯੁੱਗ ਇੱਕੋ ਜਿਹਾ ਹੈ। ਕਿਹੜੀ ਚੀਜ਼ ਉਸ ਵਿਚੋਂ ਨਿਕਲ ਕੇ ਬਾਹਰ ਆਈ? ਉਹ ਹੀ ਵਚਨ, ਜਿਹੜਾ ਦਿਲ ਵਿਚ ਸੀ। "ਮੈਂ ਤੇਰੇ ਵਚਨ ਨੂੰ ਆਪਣੇ ਦਿਲ ਵਿਚ ਜਮਾਂ ਕਰ ਲਿਆ ਹੈ, ਤਾਂ ਕਿ ਮੈਂ ਤੇਰੇ ਵਿਰੁੱਧ ਪਾਪ ਨਾ ਕਰਾਂ।"

ਜਦ ਉਸਨੂੰ ਵਚਨ ਵਿਚ ਦੀ ਛਾਣਿਆ ਜਾਂਦਾ ਹੈ ਤਾਂ ਕੀ ਹੁੰਦਾ ਹੈ? ਵਚਨ ਵਿਚ ਦੀ ਸਿਰਫ ਇੱਕ ਹੀ ਚੀਜ਼ ਪੁਣ ਹੋ ਕੇ ਬਾਹਰ ਆਉਂਦੀ ਹੈ; ਉਹ ਹੈ ਪਵਿੱਤਰ ਆਤਮਾ। ਸਿਰਫ ਇੱਕ ਹੀ ਚੀਜ਼ ਵਚਨ ਵਿਚ ਦੀ ਛਣ ਕੇ ਬਾਹਰ ਆ ਸਕਦੀ ਹੈ, ਉਹ ਪਵਿੱਤਰ ਆਤਮਾ ਹੈ। ਅਤੇ ਸਮਝਦਾਰ ਮਨੁੱਖ ਦਾ ਫਿਲਟਰ ਪਵਿੱਤਰ ਆਤਮਾ ਦਾ ਸਵਾਦ ਦਿੰਦਾ ਹੈ।

128 ਫਿਰ, ਉਹ ਸਵਰਗੀ ਵਸਤਾਂ ਦਾ ਸਵਾਦ ਲੈਂਦਾ ਹੈ; ਅਤੇ ਉਸਦੇ ਦਿਲ ਵਿਚ ਪ੍ਰਮੇਸ਼ਵਰ ਦਾ ਵਚਨ ਹੁੰਦਾ ਹੈ। ਅਤੇ ਉਹ ਵਚਨ ਨੂੰ ਆਪਣੇ ਸਾਹਮਣੇ ਪ੍ਰਗਟ ਹੁੰਦਾ ਵੇਖਦਾ ਹੈ ਅਤੇ ਉਸਦਾ ਸਮੂਚਾ ਪ੍ਰਾਣ ਉਸ ਵਿੱਚ ਕੱਜਿਆ ਜਾਂਦਾ ਹੈ. ਦੁਨੀਆ ਅਤੇ ਦੁਨੀਆ ਦੀਆਂ ਚੀਜ਼ਾਂ ਜੋ ਉਸਦੇ ਆਲੇ—ਦੁਆਲੇ ਹਨ ਉਸ ਲਈ ਮਰ ਜਾਂਦੀਆਂ ਹਨ।

129 ਇੱਕ ਸਮਝਦਾਰ ਮਨੁੱਖ ਦੇ ਧਰਮ ਦੀ ਛਾਨਣੀ; ਅਤੇ ਹੁਣ ਮੈਂ ਧਰਮ ਦੇ ਛਾਨਣ ਬਾਰੇ ਸੋਚ ਰਿਹਾ ਹਾਂ। ਜਦ ਇੱਕ ਸਮਝਦਾਰ ਆਦਮੀ ਦਾ ਫਿਲਟਰ ਪਵਿੱਤਰ ਮਨੁੱਖ ਦਾ ਸਵਾਦ ਦਿੰਦਾ ਹੈ, ਵੇਖੋ, ਇਹ ਉਸਦੇ ਸਵਾਦ ਨੂੰ ਸੰਤੁਸ਼ਟ ਕਰਦਾ ਹੈ। ਉਹ ਵੇਖਦਾ ਹੈ ਕਿ ਯਿਸੂ ਮਸੀਹ ਕੱਲ, ਅੱਜ, ਅਤੇ ਯੁਗੋ—ਯੁਗ ਇੱਕੋ ਜਿਹਾ ਹੈ। ਇਹ ਹੀ ਗੱਲ ਹੈ। ਅਸੀਂ ਖੁਦਾ ਨੂੰ ਆਪਣੇ ਸਾਹਮਣੇ ਉਹ ਹੀ ਕੰਮ ਕਰਦੇ ਹੋਏ ਵੇਖਦੇ ਹਾਂ, ਜਿਹੜੇ ਉਸਨੇ ਪਹਿਲਾਂ ਕੀਤੇ ਸਨ; ਇਹ ਹੀ ਪਵਿੱਤਰ ਮਨੁੱਖ ਦੇ ਸਵਾਦ ਨੂੰ, ਉਸਦੀ ਸੋਚ ਨੂੰ ਸੰਤੁਸ਼ਟ ਕਰਦਾ ਹੈ।

130 ਫਿਰ ਉਹ ਜਾਣਦਾ ਹੈ ਕਿ ਉਹ ਮੌਤ ਤੋਂ ਪਾਰ ਹੋ ਕੇ ਜੀਵਨ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਅਤੇ ਉਹ ਪਿਆਰ ਕਰਦਾ ਹੈ—ਅਤੇ—ਅਤੇ ਸੰਸਾਰ ਦਾ ਪਿਆਰ...ਸਾਬਤ ਹੋਵੇ, ਅਤੇ ਉਹ ਚਾਹੁੰਦਾ ਹੈ ਕਿ ਇਹ ਵਚਨ ਰਾਹੀਂ ਸਾਬਤ ਅਤੇ ਪ੍ਰਮਾਣਿਤ ਹੋਵੇ। ਹਰ ਇੱਕ ਯੁੱਗ ਵਿਚ ਉਸਨੇ ਇਸਦੀ ਉਡੀਕ ਕੀਤੀ, ਕਿਉਂਕਿ ਉਹ ਪਵਿੱਤਰ ਆਦਮੀ ਸੀ ਅਤੇ ਉਸਦੀ ਪ੍ਰਮੇਸ਼ਵਰ ਨੂੰ ਵੇਖਣ ਦੀ ਇਛਾ ਸੀ। ਬਾਕੀ ਸਿਰਫ ਚਰਚ ਵਿਚ ਸ਼ਾਮਲ ਹੋਣਾ ਚਾਹੁੰਦੇ ਸਨ। ਇਹ ਆਦਮੀ ਪ੍ਰਮੇਸ਼ਵਰ ਨੂੰ ਵੇਖਣਾ ਚਾਹੁੰਦਾ ਸੀ। ਉਹ ਉਸਨੂੰ ਅਕੀਦਿਆਂ ਦੇ ਝੁੰਡ ਵਿਚ ਨਹੀ ਵੇਖਦਾ ਹੈ। ਉਹ ਉਸਨੂੰ ਵਧੀਆ ਵੱਡੀਆਂ—ਵੱਡੀਆਂ ਬੰਸਰੀਆਂ ਵਿਚ, ਜਾਂ ਕੈਥੀਡ੍ਰਲਾਂ ਵਿਚ, ਜਾਂ ਵੱਡੀਆਂ—ਵੱਡੀਆਂ ਸਲੀਬਾਂ ਜਾਂ ਉਚ ਕੋਟੀ ਦੇ ਵਿਦਵਾਨਾਂ ਜਿਹਨਾਂ ਦੇ ਕਾਲਰ ਮੁੜੇ ਹੋਏ ਹਨ ਵਿਚ ਨਹੀ ਵੇਖਦਾ ਹੈ। ਉਹ ਉਸਨੂੰ ਧਰਮ ਗਿਆਨ ਦੀ ਸਿੱਖਿਆ ਜਾਂ ਧਰਮ ਗਿਆਨੀਆਂ ਵਿਚ ਨਹੀ ਵੇਖਦਾ ਹੈ। ਉਹ ਉਸਨੂੰ ਉਸਦੇ ਵਚਨ ਦੇ ਪ੍ਰਮਾਣਿਤ ਹੋਣ ਵਿਚ ਵੇਖਦਾ ਹੈ।

> ਮੈਂ ਉਸਨੂੰ ਪਹਿਰਾ ਦੇਣ ਲਈ ਜਲਾਈ ਜਾਣ ਵਾਲੀ ਅੱਗ
> ਵਿਚ ਵੇਖਦਾ ਹਾਂ।

ਮੇਰੀਆਂ ਅੱਖਾਂ ਨੇ ਪ੍ਰਭੂ ਦੀ ਆਮਦ ਦੀ ਮਹਿਮਾ ਨੂੰ
ਵੇਖਿਆ ਹੈ;
ਉਹ ਅੰਗੂਰਾਂ ਦੀ ਫਸਲ ਵਿਚ ਪੈਦਲ ਚੱਲ ਰਿਹਾ ਹੈ ਜਿਥੇ
ਅੰਗੂਰਾਂ ਨੂੰ ਇਕੱਠਾ ਕੀਤਾ ਜਾਂਦਾ ਹੈ;
ਉਹ ਆਪਣੀ ਭਿਆਨਕ ਫੁਰਤੀਲੀ ਤਲਵਾਰ ਨਾਲ
ਨਿਆਂ ਕਰਨ ਵਾਲੀਆਂ
ਲਿਸ਼ਕਾਂ ਛੱਡਦਾ ਹੈ; ਉਸਦਾ ਸਚ ਅੱਗੇ ਵਧਦਾ ਜਾਂਦਾ ਹੈ।
(ਇਸ ਤਰ੍ਹਾਂ ਅੰਤ ਤੱਕ ਹੋਵੇਗਾ। ਜੀ ਹਾਂ, ਸ਼੍ਰੀਮਾਨ।)

131 ਕੀ ਤੁਸੀਂ ਮੇਰਾ ਮਤਲਬ ਸਮਝ ਗਏ? ਇੱਕ ਛਾਨਣੀ ਵਾਲਾ ਆਦਮੀ... ਜਾਂ, ਇੱਕ ਸਮਝਦਾਰ ਆਦਮੀ ਦੀ ਛਾਨਣੀ; ਉਹ ਆਦਮੀ ਜਿਹੜਾ ਪ੍ਰਮੇਸ਼ਵਰ ਦੀ ਹਜੂਰੀ ਵਿਚ ਖੜ੍ਹਾ ਹੋਣਾ ਚਾਹੁੰਦਾ ਹੈ। ਖੁਦਾ ਦੀ ਛਾਨਣੀ ਕੀ ਸੀ? ਉਸਦਾ ਵਚਨ। “ਜਿਸ ਦਿਨ ਤੁਸੀਂ ਇਸ ਤੋਂ ਖਾਓਗੇ, ਉਸ ਦਿਨ ਤੁਸੀਂ ਮਰ ਜਾਓਗੇ।” ਇਸਦੀ ਪ੍ਰਵਾਹ ਨਾ ਕਰੋ ਕਿ ਇੱਥੇ ਬਾਹਰ ਕੀ ਹੋ ਰਿਹਾ ਹੈ; ਤੁਸੀਂ ਉਸ ਵਚਨ ਦੀ ਉਲੰਘਣਾ ਨਾ ਕਰੋ। “ਵਚਨ ਦੇ ਜਲ ਨਾਲ ਸ਼ੁੱਧ ਹੋਣਾ,” ਇੱਕ ਸਮਝਦਾਰ ਆਦਮੀ ਦੀ ਛਾਨਣੀ ਹੈ। ਕਿਸੇ ਜੱਥੇਬੰਦੀ ਰਾਹੀਂ ਨਹੀ, ਅਕੀਦੇ ਰਾਹੀਂ ਨਹੀ, ਕਿਸੇ ਚਰਚ ਰਾਹੀਂ ਨਹੀ, ਕਿਸੇ ਕੈਥੀਡਰਲ ਰਾਹੀਂ ਨਹੀ, ਪਰ ਇੱਕ ਸਮਝਦਾਰ ਮਨੁੱਖ ਦੀ ਛਾਨਣੀ ਰਾਹੀਂ ਸ਼ੁੱਧ ਹੋਣਾ ਹੈ, ਕਿਉਂਕਿ ਤੁਹਾਡਾ ਨਿਆਂ ਵਚਨ ਦੇ ਰਾਹੀਂ ਹੀ ਹੋਣ ਜਾ ਰਿਹਾ ਹੈ। ਇੱਕ ਸਮਝਦਾਰ ਆਦਮੀ ਤਾਂ ਇਸ ਉੱਤੇ ਸੋਚ ਵਿਚਾਰ ਕਰੇਗਾ। ਇੱਕ ਮੂਰਖ ਆਦਮੀ ਜਾਂ ਦੁਨੀਆਂ ਦਾ ਸਵਾਦ ਤਾਂ ਕੁਝ ਵੀ ਲੈ ਸੱਕਦਾ ਹੈ, ਉਹ ਤਾਂ ਕੋਈ ਵੀ ਚੀਜ਼ ਇਵਜ਼ ਵਿਚ ਲੈ ਸੱਕਦਾ ਹੈ। ਅਸੀਂ ਕੋਈ ਵੀ ਚੀਜ਼ ਇਵਜ਼ ਵਿਚ ਕਿਉਂ ਲਈਏ ਜਦ ਕਿ ਇੱਕ ਅਸਲੀ ਸਚ ਮੌਜੂਦ ਹੈ?

132 ਸੋਚੋ, ਇਸ ਤੇ ਜਰਾ ਇੱਕ ਮਿੰਟ ਲਈ ਸੋਚੋ। ਇੱਕ ਔਰਤ ਸੁਰਖੀ ਲੱਗੇ ਹੋਏ ਅਤੇ ਕੱਟੇ ਹੋਏ ਵਾਲਾਂ, ਸਮੇਤ ਪਰਾਈ ਭਾਖਿਆ ਬੋਲਦੀ ਹੈ ਅਤੇ ਚਰਚ ਨੇ ਫਿਰ ਵੀ ਇਸਨੂੰ ਹੀ ਫੜਿਆ ਹੋਇਆ ਹੈ ਕਿ ਇਹ ਪਵਿੱਤਰ ਆਤਮਾ ਦਾ ਸਬੂਤ ਹੈ।

133 ਜਾਂ ਕਿਸੇ ਸੈਮਨਰੀ ਜਾਂ ਕਿਸੇ ਬਾਈਬਲ ਸਕੂਲ ਵਾਲਾ ਕੋਈ ਪ੍ਰਚਾਰਕ, ਤਸਲੀਸ ਵਾਲਾ ਬਪਤਿਸਮਾ ਦੇ ਰਿਹਾ ਹੈ, ਜਾਂ ਵਚਨ ਨਾਲ ਸਮਝੋਤਾ ਕਰ ਰਿਹਾ ਹੈ, ਕਿ ਕਿਸੇ ਮਿਸ਼ਨ ਦੇ ਅਕੀਦੇ ਨੂੰ ਫੜ ਲਵੇ। ਕੀ ਇਹ ਸਮਝਦਾਰ ਮਨੁੱਖ ਦੀ ਛਾਨਣੀ ਹੈ? ਭਾਈ ਮੈਨੂੰ ਤਾਂ ਇਸ ਤਰ੍ਹਾਂ ਵਿਖਾਈ ਨਹੀ ਦੇ ਰਿਹਾ ਹੈ। ਇਹ ਤਾਂ ਮੂਰਖ ਮਨੁੱਖ ਹੈ ਜੋ ਇਸਦੇ ਰਾਹੀਂ ਖਿਚ ਰਿਹਾ ਹੈ। ਇਹ ਸਚ

ਹੈ। ਕੀ ਤੁਸੀਂ ਇਸਦੀ ਕਲਪਨਾ ਕਰ ਸਕਦੇ ਹੋ? ਪ੍ਰਮੇਸ਼ਵਰ ਦਾ ਵਚਨ ਆਪਣੇ ਪ੍ਰਾਣ ਲਈ ਇੱਕ ਫਿਲਟਰ ਦੇ ਰੂਪ ਵਿਚ ਵਰਤਨ ਦੀ ਬਜਾਏ; ਪੁਰਾਣੇ ਅਕੀਦੇ ਅਤੇ ਮਿਸ਼ਨਾਂ ਦੇ ਢੇਰ ਨੂੰ ਆਪਣੇ ਉੱਤੇ ਰੱਖਣ ਰਿਹਾ ਹੈ ਅਤੇ ਪ੍ਰਮੇਸ਼ਵਰ ਦੇ ਵਚਨ ਦਾ ਫਿਲਟਰ ਵਰਤ ਰਿਹਾ ਹੈ। ਅਤੇ ਫਿਰ ਉਹ ਸਾਰਾ ਹੀ ਅਸ਼ੁੱਧ ਹੋ ਜਾਂਦਾ ਹੈ, ਅਤੇ ਆਪਣੇ ਅੰਦਰ ਮਨੁੱਖਾਂ ਦੀਆਂ ਸਿਖਿਆਵਾਂ ਨੂੰ ਆਪਣੇ ਅੰਦਰ ਭਰ ਲੈਣ ਦਿੰਦਾ ਹੈ, ਅਤੇ ਇਸੇ ਤਰ੍ਹਾਂ ਦੇ ਕੰਮ ਕਰਦੇ ਹਨ, "ਉਹ ਚੁਣਿਆਂ ਹੋਇਆਂ ਨੂੰ ਲੱਗਭੱਗ ਭਰਮਾ ਰਹੇ ਹਨ," ਅਤੇ ਵਚਨ ਦੀ ਅਣਗਹਿਲੀ ਕਰ ਰਹੇ ਹਨ।

ਜਦ, ਉਹ ਆਪਣੇ ਪ੍ਰਾਣ ਲਈ ਇਸਨੂੰ ਖਿਚ ਸਕਦੇ ਹਨ, ਜੇ ਕਿਤੇ ਉੱਥੇ ਅਜਿਹੀ ਚੀਜ਼ ਹੋਵੇ ਜਿਹੜੀ ਖਿਚ ਸਕੇ। ਪਰ ਜੇ ਉਹ ਪਹਿਲਾਂ ਤੋਂ ਠਹਿਰਾਇਆ ਹੋਇਆ ਬੀਜ…ਇਸਨੂੰ ਛੱਡ ਨਾ ਜਾਇਓ। ਜੇ ਉਹ ਪਹਿਲਾਂ ਤੋਂ ਠਹਿਰਾਇਆ ਹੋਇਆ ਬੀਜ ਉੱਥੇ ਨਹੀ ਹੈ ਤਾਂ ਇਹ ਉਸ ਵਿਚ ਦੀ ਨਹੀ ਖਿਚਿਆ ਜਾਵੇਗਾ, ਕਿਉਂਕਿ ਇਹ ਤਾਂ ਉਸਦੀ ਇਛਾ ਲਈ ਹੀ ਖਿੱਚੇਗਾ।

134 ਜੇ ਕੋਈ ਤਮਾਕੂਨੋਸ਼ੀ ਕਰਨ ਵਾਲਾ ਮਨੁੱਖ ਤੰਮਾਕੂ ਪੀਣ ਵਾਲੇ ਮਨੁੱਖ ਦਾ ਸਵਾਦ ਚਾਹੁੰਦਾ ਹੈ ਅਤੇ ਜੇ ਉਹ ਇੱਕ ਲਕੜੀ ਨੂੰ ਫੜ ਲੈਂਦਾ ਹੈ…ਮੈਂ ਕਹਿੰਦਾ ਹਾਂ ਕਿ ਉਹ "ਆਪਣੀ ਉਂਗਲ ਚੂਸੇ," ਅਤੇ ਉਹ ਉੱਥੇ ਖੜ੍ਹਾ ਆਪਣੀ ਉਂਗਲੀ ਚੂਸ ਰਿਹਾ ਸੀ। [ਭਾਈ ਬ੍ਰਾਨਹਮ ਉਦਾਹਰਣ ਲਈ ਆਪਣੀ ਉਂਗਲ ਚੂਸਦੇ ਹਨ—ਸੰਪਾ]

135 ਕਿਉਂ, ਉਹ ਕਹੇਗਾ, "ਇਹ ਮੂਰਖਤਾ ਹੈ।" ਕਿਉਂ? ਉਸਦਾ ਸਵਾਦ ਨਿਕੋਟੀਨ ਲਈ ਹੈ। ਇਸ ਲਈ ਉਹ ਇੱਕ ਸਮਝਦਾਰ ਮਨੁੱਖ ਨਹੀ ਹੈ। ਸਮਝੇ? ਪ੍ਰੰਤੂ ਤੁਸੀਂ ਕਹਿੰਦੇ ਹੋ, "ਅਛਾ, ਮੈਂ ਨਹੀ, ਮੈਂ ਕਿਸੇ ਚੀਜ਼ ਦਾ ਸਵਾਦ ਨਹੀ ਚੱਖਦਾ ਹਾਂ। ਮੈਂ ਚੱਖਣਾ ਚਾਹੁੰਦਾ ਹਾਂ…ਮੈਨੂੰ ਤੰਮਾਕੂ ਦਾ ਸਵਾਦ ਚਾਹੀਦਾ ਹੈ। ਮੈਂ ਕਿਸੇ ਚੀਜ਼ ਦਾ ਸਵਾਦ ਨਹੀ ਚੱਖਦਾ ਹਾਂ।"

136 ਤੁਸੀਂ ਉਸਨੂੰ ਕੱਪੜੇ ਦੀ ਇਕ ਪਿੰਨ ਦਿਓ ਅਤੇ ਉਸਨੂੰ ਚੂਸਣ ਦਿਓ। ਵੇਖਿਆ? ਪੱਕਾ, ਤੁਸੀਂ ਉਸਨੂੰ ਉਹ ਪਿੰਨ ਚੂਸਣ ਦਿਓ। ਉਹ ਕਹੇਗਾ, "ਮੈਨੂੰ ਤਾਂ ਇਸ ਵਿਚੋਂ ਕੋਈ ਸਵਾਦ ਨਹੀ ਆ ਰਿਹਾ ਹੈ।" ਫਿਰ, ਤੁਸੀਂ ਇਸਨੂੰ ਕਿਉਂ ਚੂਸ ਰਹੇ ਹੋ? ਤੁਹਾਨੂੰ ਨਿਕੋਟੀਨ ਦਾ ਸਵਾਦ ਚੱਖਣ ਦੀ ਇਛਾ ਹੈ।

ਅਤੇ ਜਦ ਤੁਸੀਂ ਚਰਚ ਦੇ ਅਕੀਦੇ ਨੂੰ ਚੂਸਦੇ ਹੋ, ਅਤੇ ਤੁਸੀਂ ਔਰਤਾਂ ਹਾਲੇ ਵੀ ਵਾਲ ਕਟਵਾਉਂਦੀਆਂ ਹਨ, ਚਿਹਰਿਆਂ ਤੇ ਰੰਗ ਲਗਾਉਂਦੀਆਂ ਹੋ, ਅਤੇ ਕਾਮਉਤੇਜਕ ਕਪੜੇ ਪਾਉਂਦੀਆਂ ਹੋ; ਅਤੇ ਤੁਸੀਂ ਆਦਮੀ ਉਨ੍ਹਾਂ ਵੱਲ ਵੇਖਦੇ ਹੋ, ਅਤੇ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਕਰਦੇ ਹੋ, ਅਤੇ ਜੇ ਤੁਸੀਂ ਕਰਦੇ ਹੋ

ਉਸੇ ਤਰ੍ਹਾਂ ਹੀ ਚੱਲੀ ਜਾਂਦੇ ਹੋ। ਇਹ ਕੀ ਹੈ? ਉਸ ਵਿਚ ਕੀ ਹੈ? ਸੰਸਾਰ ਹਾਲੇ ਵੀ ਉਸੇ ਵਿਚ ਹੈ, ਅਤੇ ਤੁਹਾਡਾ ਇਹ ਸਵਾਦ ਹੈ। ਤੁਸੀਂ ਇਸਦਾ ਸਵਾਦ ਲੈਣ ਲਈ ਇਸਨੂੰ ਖਿਚ ਰਹੇ ਹੋ।

137 "ਮੈਂ *ਇਸ* ਚਰਚ ਵਿਚ ਜਾਂਦੀ ਹਾਂ; ਉਹ ਇਸ ਤਰ੍ਹਾਂ ਦੀਆਂ ਚੀਜ਼ਾਂ ਦਾ ਨਾਮ ਵੀ ਨਹੀ ਲੈਂਦੇ ਹਨ। ਉਹ *ਇਸਦੇ* ਬਾਰੇ ਵਿਚ ਕੁਝ ਵੀ ਨਹੀ ਕਹਿੰਦੇ ਹਨ, *ਇਸ* ਤਰ੍ਹਾਂ ਦੀ ਕੋਈ ਵੀ ਚੀਜ਼ ਉੱਥੇ ਨਹੀ ਹੈ। ਸਾਡਾ ਪ੍ਰਚਾਰਕ ਤਾਂ ਇਸ ਤੋਂ ਵੀ ਕਿਤੇ ਵੱਧ ਖੁੱਲੇ ਦਿਮਾਗ ਦਾ ਹੈ। ਅਸੀਂ ਇਸ ਤਰ੍ਹਾਂ ਦੀਆਂ ਗੱਲਾਂ ਨਹੀ ਕਰਦੇ ਹਾਂ।" ਇਹ ਕੀ ਹੈ? ਤੁਹਾਡੇ ਵਿਚ ਸੰਸਾਰਕ ਸਵਾਦ ਪਾਇਆ ਜਾਂਦਾ ਹੈ ਜਿਸਨੂੰ ਤੁਸੀਂ ਚੂਸ ਰਹੇ ਹੋ। ਠੀਕ ਹੈ!

138 ਪਰ ਇਕ ਸਮਝਦਾਰ ਜਨਾਨੀ ਇਸ ਤਰ੍ਹਾਂ ਦੀਆਂ ਚੀਜ਼ਾਂ ਨਹੀ ਲੈਂਦੀ ਹੈ। ਉਹ ਜਾਣਦੀ ਹੈ ਕਿ ਉਸਨੇ ਤਾਂ ਪਵਿੱਤਰ ਰਹਿਣਾ ਹੈ। ਅਤੇ ਖੁਦਾ ਦੇ ਵਚਨ ਰਾਹੀਂ ਤੁਸੀਂ ਇਕ ਹੀ ਚੀਜ਼ ਖਿਚ ਸਕਦੇ ਹੋ ਅਤੇ ਉਹ ਆਤਮਾ ਹੈ, ਜੋ ਜੀਵਤ ਕਰਨ ਵਾਲੀ ਉਹ ਸ਼ਕਤੀ ਹੈ ਜਿਹੜੀ ਆਪ ਖੁਦਾ ਉਸ ਵਚਨ ਨੂੰ ਜਿਹੜਾ ਤੁਹਾਡੇ ਵਿਚ ਹੈ, ਕਿ ਜਿਸ ਯੁੱਗ ਵਿਚ ਤੁਸੀਂ ਰਹਿ ਰਹੇ ਹੋ ਉਸ ਵਿਚ ਯਿਸੂ ਮਸੀਹ ਨੂੰ ਪ੍ਰਗਟ ਕਰੇ। ਹਲੇਲੂਯਾਹ! ਭਾਈ ਜੀ, ਜੇ ਇਹ ਸਚ ਨਹੀ ਹੈ, ਤਾਂ ਮੈਨੂੰ ਨਹੀ ਪਤਾ ਕਿ ਫਿਰ ਸਚ ਕੀ ਹੈ। ਜੇ ਇਹ ਸਚ ਨਹੀ ਹੈ ਤਾਂ ਮੇਰਾ ਦਿਮਾਗ ਠੀਕ ਨਹੀ ਹੈ।

139 ਇਹ ਖੁਦਾ ਵਚਨ ਹੈ ਜਿਹੜਾ ਤੁਹਾਡੇ ਹਿਰਦੇ ਵਿਚ, ਪਹਿਲਾਂ ਤੋਂ ਹੀ ਠਹਿਰਾਇਆ ਗਿਆ ਹੈ, ਜੋ ਖਿਚ ਰਿਹਾ ਹੈ। ਅਤੇ ਇਹ ਹੀ ਉਸ ਸੰਸਾਰ ਨੂੰ ਬਾਹਰ ਥੁੱਕਦਾ ਹੈ; ਇਹ ਉਸਨੂੰ ਨਹੀ ਚਾਹੁੰਦਾ ਹੈ। ਪ੍ਰੰਤੂ ਜਦ ਇਹ ਇੱਥੇ ਵਚਨ ਵਿਚ ਆਉਂਦਾ ਹੈ ਤਾਂ ਇਹ ਖਿਚਣਾ ਸ਼ੁਰੂ ਕਰ ਦਿੰਦਾ ਹੈ। ਅਤੇ ਜਦ ਇਹ ਵਚਨ ਦੇ ਰਾਹੀਂ ਖਿਚਣਾ ਸ਼ੁਰੂ ਕਰਦਾ ਹੈ ਤਾਂ ਉਹ ਹੋਰ ਕੁਝ ਨਹੀ ਬਲਕਿ ਉਸ ਵਚਨ ਨੂੰ ਜੀਵਤ ਬਣਾਉਣ ਲਈ ਪਵਿੱਤਰ ਆਤਮਾ ਨੂੰ ਖਿਚਦਾ ਹੈ।

140 ਫਿਰ ਤਾਂ ਸਮਝਦਾਰ ਆਦਮੀ, ਧਰਮੀ ਆਦਮੀ ਦਾ ਫਿਲਟਰ ਵਚਨ ਹੀ ਹੈ ਅਤੇ ਇਹ ਉਸ ਪਵਿਤਰ ਸਵਾਦ ਨੂੰ ਸੰਤੁਸ਼ਟ ਕਰਦਾ ਹੈ ਜਿਹੜਾ ਉਸਦੇ ਦਿਲ ਵਿਚ ਹੈ; ਇੱਕ ਸਮਝਦਾਰ ਆਦਮੀ ਦਾ ਫਿਲਟਰ, ਇੱਕ ਪਵਿਤਰ ਆਦਮੀ ਦਾ ਸਵਾਦ। ਹੇ ਮੇਰੇ ਖੁਦਾ! ਅਸੀਂ ਕਿਸ ਦੇ ਵਿਚ ਹਾਂ।

141 ਪ੍ਰਮੇਸ਼ਵਰ ਦਾ ਫਿਲਟਰ ਇਸਤੇਮਾਲ ਕਰਨ ਦੀ ਬਜਾਏ, ਮਨੁੱਖ ਸ਼ੈਤਾਨ ਨੂੰ ਇਹ ਕਰਨ ਦੇ ਰਿਹਾ ਹੈ ਕਿ ਉਹ ਉਸਨੂੰ ਕਿਸੇ ਜੱਥੇਬੰਦੀ ਜਾਂ ਅਕੀਦੇ ਨਾਲ, ਉਸੇ ਤਰ੍ਹਾਂ ਭਰਮਾਵੇ ਜਿਸ ਤਰ੍ਹਾਂ ਇਹ ਤੰਬਾਕੂ ਕੰਪਨੀਆਂ ਉਨ੍ਹਾਂ ਨੂੰ ਜਿਹੜੇ

ਸਿਗਰੇਟ ਪੀਂਦੇ ਹਨ ਭਰਮਾਉਂਦੀਆਂ ਹਨ। ਤੁਹਾਨੂੰ ਬਸ ਹੋਰ ਮੈਂਬਰ ਹਨ, ਬਸ ਇਹ ਹੀ ਹੈ।

ਔਹ, ਮੈਂ ਬਸ ਇਹ ਦੱਸ ਕੇ ਕੁਝ ਹੀ ਮਿੰਟਾਂ ਵਿਚ ਬੰਦ ਕਰਾਂਗਾ।

142 ਅੰਨ੍ਹੀ ਲਾਉਦੀਕਿਆ! ਅਸੀਂ ਕਿੰਨੇ ਅੰਨੇ ਹੋ ਗਏ ਹਾਂ! ਅੰਨੀ ਲਾਉਦੀਕਿਆ, ਇਸ ਯੁੱਗਾਂ ਦੇ ਅੰਨਿਆਂ ਦੀ ਅਗੁਵਾਈ ਕਰ ਰਹੀ ਹੈ। ਝੂਠੇ ਧੋਖੇ ਹੇਠ, ਝੂਠੇ ਅਕੀਦਿਆਂ ਹੇਠ, ਝੂਠੇ ਸਿਧਾਂਤਾਂ ਹੇਠ, ਝੂਠੀਆਂ ਸੰਸਥਾਵਾਂ ਹੇਠ, ਅਕੀਦਿਆਂ ਦੀਆਂ ਝੂਠੀਆਂ ਕਿਤਾਬਾਂ ਨਾਲ ਅਗੁਵਾਈ ਕਰ ਰਹੀ ਹੈ। ਔਹ ਅੰਨੀ ਲਾਉਦੀਕਿਆ ਅੰਨਿਆਂ ਦੀ ਅਗੁਵਾਈ ਕਰ ਰਹੀ ਹੈ, ਤੁਸੀਂ ਸਭ ਟੋਏ ਵੱਲ ਅਗਾਂਹ ਵੱਧ ਰਹੇ ਹੋ!

143 ਪ੍ਰਚਾਰਕੋ, ਅੱਜ ਰਾਤ ਆਪਣਾ ਫਿਲਟਰ ਬਦਲ ਲਓ। ਸੰਸਥਾਵਾਂ ਦੇ ਅਕੀਦਿਆਂ ਅਤੇ ਸਿਧਾਤਾਂ ਦੇ ਨਿਕੋਟੀਨ ਨੂੰ ਆਪਣੇ ਪ੍ਰਬੰਧ ਵਿਚ ਨਾ ਖਿਚੋ, ਜਿਹਦੇ ਬਾਰੇ ਯਿਸੂ ਨੇ ਕਿਹਾ ਸੀ, "ਜੇ ਕੋਈ ਇਸ ਵਿਚ ਇੱਕ ਵੀ ਸ਼ਬਦ ਜੋੜੇ ਜਾਂ ਇਸ ਵਿਚੋਂ ਇਕ ਵੀ ਸ਼ਬਦ ਕੱਢੇ।" ਜਦ ਤੁਸੀਂ ਆਪਣੀ ਕਲੀਸਿਯਾ ਵਿਚ ਦਸਦੇ ਹੋ ਕਿ ਉਹਨਾਂ ਔਰਤਾਂ ਲਈ *ਉਹ* ਕਰਨਾ ਠੀਕ ਹੈ, ਅਤੇ ਉਹਨਾਂ ਆਦਮੀਆਂ ਦੇ ਲਈ *ਉਹ* ਕਰਨਾ ਠੀਕ ਹੈ ਅਤੇ *ਇਨ੍ਹਾਂ* ਸਾਰੇ ਕੰਮਾਂ ਨੂੰ ਅਤੇ *ਉਨ੍ਹਾਂ* ਸਾਰੇ ਕੰਮਾਂ ਨੂੰ ਕਰਨਾ ਠੀਕ ਹੈ; ਅਤੇ ਦੱਸਦੇ ਹੋ ਕਿ ਜਦ ਤੱਕ ਉਹ *ਇਸਦੇ* ਨਾਲ ਅਤੇ *ਉਸਦੇ* ਨਾਲ ਸਚੇ ਹਨ ਅਤੇ ਇਹਨਾਂ ਅਕੀਦਿਆਂ ਦੀ ਪਾਲਣਾ ਕਰਦੇ ਹਨ ਤਾਂ ਠੀਕ ਹੈ, ਕੀ ਤੁਹਾਨੂੰ ਆਪਣੇ ਆਪ ਤੇ ਸ਼ਰਮ ਨਹੀ ਆਉਂਦੀ?

"ਅੰਨੇ ਫਰੀਸਿਓ," ਯਿਸੂ ਨੇ ਕਿਹਾ।

144 ਅਤੇ ਜਿਵੇਂ ਯਿਸੂ ਨੇ ਚਿਲਾਇਆ, "ਅੰਨੇ ਫਰੀਸਿਓ," ਉਸੇ ਤਰ੍ਹਾਂ ਅੱਜ ਰਾਤ ਪਵਿੱਤਰ ਆਤਮਾ ਮੇਰੇ ਅੰਦਰ ਪੁਕਾਰ ਰਿਹਾ ਹੈ, "ਅੰਨੀ ਲਾਉਦੀਕੀਆ! ਕਿੰਨੀ ਵਾਰ ਪ੍ਰਮੇਸ਼ਵਰ ਨੇ ਤੈਨੂੰ ਬੇਦਾਰੀ ਦਿੱਤੀ! ਪਰ ਹੁਣ ਤੇਰਾ ਸਮਾਂ ਆ ਗਿਆ ਹੈ; ਹੁਣ ਬਹੁਤ ਦੇਰ ਹੋ ਚੁੱਕੀ ਹੈ। ਕਿਵੇਂ ਤੂੰ ਉਨ੍ਹਾਂ ਨੂੰ ਠਠਿਆ ਵਿਚ ਉਡਾਇਆ ਜਿਹਨਾਂ ਲੋਕਾਂ ਨੂੰ ਖੁਦਾ ਨੇ ਤੇਰੇ ਕੋਲ ਭੇਜਿਆ! ਪਰ ਹੁਣ ਤੇਰਾ ਸਮਾਂ ਆ ਗਿਆ ਹੈ। ਔਹ, ਸੰਯੁਕਤ ਰਾਜ, ਸੰਯੁਕਤ ਰਾਜ, ਖੁਦਾ ਨੇ ਇਹ ਕਿੰਨੀ ਵਾਰ ਚਾਹਿਆ ਕਿ ਜਿਵੇਂ ਇੱਕ—ਇੱਕ ਮੁਰਗੀ ਆਪਣੇ ਚੂਚਿਆਂ ਨੂੰ ਆਪਣੇ ਖੰਭਾਂ ਦੇ ਹੇਠ ਰੱਖਦੀ ਹੈ ਉਸੇ ਤਰ੍ਹਾਂ ਤੈਨੂੰ ਰੱਖੇ, ਪਰ ਤੂੰ ਨਾ ਚਾਹਿਆ।" ਹੁਣ ਇੱਕ ਅਵਾਜ ਇੱਕ ਤੱਟ ਤੋਂ ਦੂਸਰੇ ਤੱਟ ਤੱਕ, ਉੱਤਰ ਤੋਂ ਦੱਖਣ, ਤੱਕ ਅਤੇ ਪੂਰਬ ਤੋਂ ਪਛਮ ਤੱਕ ਜਾ ਰਹੀ ਹੈ। ਕਿਵੇਂ ਖੁਦਾ ਨੇ ਤੈਨੂੰ ਛੁਪਾਉਣਾ ਚਾਹਿਆ, ਪਰ ਤੂੰ ਇਸ ਤਰ੍ਹਾਂ ਨਹੀ ਕਰੇਂਗਾ! ਹੁਣ ਤੇਰਾ ਸਮਾਂ ਆ ਗਿਆ ਹੈ।

145 ਕੋਮਾਂ ਟੁੱਟ ਰਹੀਆਂ ਹਨ। ਸੰਸਾਰ ਟੁੱਟ ਭੱਜ ਕੇ ਖਿਲਰ ਰਿਹਾ ਹੈ। ਪੰਧਰਾਂ ਸੋ ਮੀਲ ਮੋਟਾ, ਤਿੰਨ ਜਾਂ ਚਾਰ ਸੋ ਮੀਲ ਚੋੜਾ ਟੁਕੜਾ ਡੁੱਬ ਜਾਵੇਗਾ, ਸੈਕੜੇ...ਜਾਂ ਹੋ ਸਕਦਾ ਹੈ ਚਾਲੀ ਮਿਲ ਹੇਠਾਂ ਧਰਤੀ ਦੀ ਤਹਿ ਵਿਚ ਚਲਾ ਜਾਵੇਗਾ। ਇਹਨਾਂ ਹੀ ਦਿਨਾਂ ਵਿਚ ਕਿਸੇ ਦਿਨ ਲਹਿਰਾਂ ਕੰਨਟਕੀ ਪ੍ਰਾਂਤ ਨਾਲ ਟਕਰਾਉਣਗੀਆਂ। ਅਤੇ ਜਦ ਇਸ ਤਰ੍ਹਾਂ ਹੁੰਦਾ ਹੈ, ਇਹ ਸੰਸਾਰ ਨੂੰ ਇੰਨੀ ਜੋਰ ਨਾਲ ਹਿਲਾ ਦੇਵੇਗਾ ਕਿ ਹਰ ਇੱਕ ਚੀਜ਼ ਜੋ ਇਸਦੇ ਉੱਪਰ ਹੈ, ਉਹ ਹੇਠਾਂ ਡਿੱਗ ਪਵੇਗੀ।

146 ਹੇ ਮੇਰੇ ਖੁਦਾ, ਮੈਨੂੰ ਯੁੱਗਾਂ ਦੀ ਚਟਾਨ ਹੇਠਾਂ ਲੁਕਾ ਲੈ! ਮੇਰੇ ਉੱਤੇ, ਪ੍ਰਭੂ ਆਪਣੇ ਆਤਮਾ ਦਾ ਸਾਹ ਫੂਕ। ਪ੍ਰਭੂ, ਪ੍ਰਮੇਸ਼ਵਰ ਦੇ ਆਤਮਾ ਨੂੰ ਮੇਰੇ ਉੱਤੇ ਫੂਕ। ਪ੍ਰਭੂ ਮੈਨੂੰ ਪ੍ਰਮੇਸ਼ਵਰ ਦਾ ਫਿਲਟਰ ਲੈ ਲੈਣ ਦੇ ਅਤੇ ਮੈਂ ਉਸੇ ਦੇ ਹੇਠ ਜੀਵਨ ਬਤੀਤ ਕਰਾਂ। ਹੋਣ ਦੇ ਕਿ ਮੇਰੇ ਫੇਫੜਿਆਂ, ਮੇਰੇ ਪ੍ਰਾਣਾਂ ਵਿਚ ਆਤਮਾ ਦੀ ਤਾਜੀ ਹਵਾ ਦਾ ਸਾਹ ਹਰ ਰੋਜ ਫੂਕ, ਤਾਂ ਕਿ ਮੈਂ ਤੇਰੇ ਵਿਰੁੱਧ ਪਾਪ ਨਾ ਕਰਾਂ, ਓਹ ਪ੍ਰਭੂ। ਮੇਰੇ ਉੱਤੇ ਸਾਹ ਫੂਕ, ਪਵਿੱਤਰ ਆਤਮਾ ਮੇਰੇ ਉੱਤੇ ਸਾਹ ਫੂਕ! ਮੈਂ...

147 ਮੈਂ ਆਪਣੇ ਦਿਲ ਵਿਚ ਵਚਨ ਦਾ ਬੀਜ ਲਵਾਂ ਅਤੇ ਇਹ ਉਦੇਸ਼ ਰੱਖਾਂ ਕਿ ਨਾ ਖੱਬੇ ਮੁੜਾਂ ਨਾ ਹੀ ਸੱਜੇ, ਪ੍ਰੰਤੂ ਆਪਣੀ ਸਾਰੀ ਜਿੰਦਗੀ ਇਸੇ ਲਈ ਸਚਾ ਰਹਾਂ। ਹੇ ਮੇਰੇ ਪ੍ਰਮੇਸ਼ਵਰ ਪਿਤਾ, ਮੇਰੇ ਉੱਤੇ ਜੀਵਨ ਦੇ ਪਵਿੱਤਰ ਆਤਮਾ ਨੂੰ ਉਹਨਾਂ ਵਚਨਾਂ ਨੂੰ, ਜਿਉਂਦੇ ਕਰਨ ਲਈ ਘੱਲ ਦੇ, ਤਾਂ ਕਿ ਮੈਂ ਉਹਨਾਂ ਲੋਕਾਂ ਦੇ ਸਾਹਮਣੇ ਜਿਹੜੇ ਮੇਰੇ ਅੱਗੇ ਹਨ ਜਿਹੜੇ ਇਸਦੇ ਪੂਰਾ ਹੋਣ ਨੂੰ ਉਡੀਕ ਰਹੇ ਹਨ, ਯਿਸੂ ਮਸੀਹ ਨੂੰ ਪ੍ਰਗਟ ਕਰਾਂ। ਮੇਰੀ ਇਹ ਹੀ ਪ੍ਰਾਰਥਨਾ ਹੈ।

148 ਹੇ ਮੇਰੇ ਪ੍ਰਭੂ! ਧਿਆਨ ਦਿਓ ਕਿ ਅੱਜ ਉਹ ਚਰਚਾਂ ਵਿੱਚ ਕਿਸ ਤਰ੍ਹਾਂ ਕਰਦੇ ਹਨ। ਜੱਥੇਬੰਦੀਆਂ ਦੀਆਂ ਛਾਨਣੀਆਂ ਰਾਹੀਂ ਉਹਨਾਂ ਲੋਕਾਂ ਨੂੰ ਗਿਰਜਿਆਂ ਦੇ ਇੱਕਠ ਵਿੱਚ ਚੂਸ ਰਹੇ ਹਨ। ਕਿਉਂ? ਕਿਉਂ? ਕਿਉਂਕਿ ਇਹ ਜੱਥੇਬੰਦੀ ਉਨ੍ਹਾਂ ਨੂੰ ਉਹਨਾਂ ਦੇ ਦਿਲ ਦੀਆਂ ਖੁਆਇਸ਼ਾਂ ਦਿੰਦੀਆਂ ਹਨ। ਉਹਨਾਂ ਦਾ ਸਵਾਦ ਜੱਥੇਬੰਦੀ ਵਾਲਾ ਹੈ। ਉਹ ਇਹ ਹੀ ਕਰਨਗੇ।

149 ਹਰ ਵਾਰ ਖੁਦਾ ਨੇ ਉਹਨਾਂ ਵਿਚ ਬੇਦਾਰੀ ਭੇਜੀ, ਅਤੇ, ਉਹ, ਉਹਨਾਂ ਨੇ ਕੀ ਕੀਤਾ? ਉਹਨਾਂ ਨੇ ਇਸਨੂੰ ਜੱਥੇਬੰਦ ਕਰ ਲਿਆ। ਕੀ ਇਹ ਠੀਕ ਹੈ? ਇਸ ਲਈ ਉਹਨਾਂ ਨੇ ਆਪਣੇ ਅਨੁਸਾਰ ਹੀ ਛਾਨਣੀ ਬਣਾ ਲਈ, ਕਿਉਂਕਿ ਉਹਨਾਂ ਦਾ ਸਵਾਦ ਬਹੁਤ ਵੱਡਾ ਸੀ। ਅਤੇ ਹੁਣ ਪ੍ਰਮੇਸ਼ਵਰ ਉਹਨਾਂ ਨੂੰ ਉਹਨਾਂ ਦੀ ਇਛਾ ਮੁਤਾਬਕ ਸਵਾਦ ਦੇਣ ਜਾ ਰਿਹਾ ਹੈ। ਉਹ ਉਹਨਾਂ ਨੂੰ ਦੇਣ ਜਾ ਰਿਹਾ ਹੈ...ਉਹ ਉਹਨਾਂ ਨੂੰ ਗਿਰਜਿਆਂ ਦੀ ਬਿਲਕੁਲ ਮਹਾਂਸਭਾ ਵਿਚ ਚੂਸ ਕੇ ਅਥਵਾ ਖਿਚ ਕੇ

ਲੈ ਜਾ ਰਹੇ ਹਨ, ਅਤੇ ਫਿਰ ਉਹ ਆਪਣੀਆਂ ਜੱਥੇਬੰਦੀਆਂ ਵਾਲਾ ਸਵਾਦ ਹੀ ਪ੍ਰਾਪਤ ਕਰਨਗੇ। ਇਸ ਤਰ੍ਹਾਂ ਹੋਣ ਜਾ ਰਿਹਾ ਹੈ।

150 ਹੇ, ਲਾਉਦੀਕਿਆ ਕਲੀਸਿਯਾ, ਤੂੰ ਇਸ ਯੁੱਗ ਵਿਚ, ਉਹਨਾਂ ਦੇ ਧੋਖਿਆਂ ਦਵਾਰਾ ਧੋਖਾ ਨਾ ਖਾ। ਹੇ ਪੈਂਤੀਕਾਸਤਲ, ਤੂੰ ਜੋ ਲਾਉਦੀਕਿਆ ਵਿੱਚ ਜਾ ਚੁੱਕੀ ਹੈਂ, ਤੂੰ ਲਾਉਦੀਕਿਆ ਦਾ ਹਿੱਸਾ ਹੈ, ਜੋ ਕਿ ਇੱਕ ਮਰੀ ਹੋਈ ਕਲੀਸਿਯਾ ਹੈ; ਮੈਥੋਡਿਸ, ਬੈਪਟਿਸਟ ਅਤੇ ਪ੍ਰੈਸਬਾਈਟੇਰੀਨ ਰਾਹੀਂ ਹੁੰਦੇ ਹੋਏ, ਧਾਰਮਿਕ ਰੀਤਾਂ ਦਾ ਰੂਪ ਬਣ ਗਈ ਹੈ। ਪਰ ਤੁਸੀਂ ਪੈਂਤੀਕੋਸਟਲੋ ਜਿਹੜੇ ਹਜੇ ਵੀ ਕਦੀ ਕਦਾਈ “ਅਮੀਨ” ਕਹਿ ਸਕਦੇ ਹੋ; ਜੋ ਮੰਚ ਤੇ ਬਹੁਤ ਜਿਆਦਾ ਸੰਗੀਤ ਦਾ ਵਿਖਾਵਾ ਕਰ ਸਕਦੇ ਹੋ ਅਤੇ ਕੱਟੇ ਹੋਏ—ਵਾਲਾਂ ਵਾਲੀਆਂ ਜਨਾਨੀਆਂ ਨੂੰ ਉੱਥੇ ਸਭ ਜਗ੍ਹਾ ਨਚਣ ਦਿੰਦੇ ਹੋ, ਅਤੇ ਫਿਰ ਵੀ ਰੱਬੀ ਚੰਗਾਈ ਵਿਚ ਵਿਸ਼ਵਾਸ ਕਰਦੇ ਹੋ; ਕਿੰਨੀ ਵਾਰ ਖੁਦਾ ਨੇ ਤੁਹਾਨੂੰ ਲੈਣਾ ਚਾਹਿਆ ਪਰ ਤੁਸੀਂ ਕੋਈ ਹੋਰ ਛਾਨਣੀ ਲੈ ਲਈ, ਜੱਥੇਬੰਦੀਆਂ ਦੀ ਛਾਨਣੀ। ਕਿੰਨੀ ਵਾਰ ਖੁਦਾ ਤੁਹਾਨੂੰ ਲੈਣਾ ਚਾਹੁੰਦਾ ਸੀ।

151 ਇਹ ਕਿੰਨਾ ਧੋਖਾ ਦੇਣ ਵਾਲਾ ਸੀ। ਮੱਤੀ 24:24 ਵਿੱਚ ਯਿਸੂ ਨੇ ਕਿਹਾ ਕਿ…“ਜੇ ਇਹ ਸੰਭਵ ਹੁੰਦਾ ਤਾਂ ਚੁਣਿਆਂ ਹੋਇਆਂ ਨੂੰ ਵੀ ਭੁਲਾਵੇ ਵਿਚ ਪਾ ਦਿੰਦਾ।” ਤੁਸੀਂ ਹਵਾਹ ਵਾਲੀ ਹਾਲਤ ਦੇ ਕਿੰਨਾ ਨੇੜੇ ਹੋ, ਕਿ ਤੁਸੀਂ ਬਸ ਉਹਨਾਂ ਇੱਕ ਜਾਂ ਦੋ ਗੱਲਾਂ ਨੂੰ ਹੀ ਛੱਡ ਰਹੇ ਹੋ ਜਿਸਨੂੰ ਤੁਸੀਂ ਕਬੂਲ ਨਹੀ ਕਰੋਗੇ, ਕਿਉਂਕਿ ਤੁਸੀਂ ਜੱਥੇਬੰਦੀ ਹੋ ਇਸ ਲਈ ਤੁਸੀਂ ਇਸਨੂੰ ਕਬੂਲ ਨਹੀ ਕਰ ਸੱਕਦੇ ਹੋ। ਬੱਸ ਇੰਨਾਂ ਹੀ ਕਰਨਾ ਹੈ। ਅਤੇ ਇਸ ਤਰ੍ਹਾਂ ਕਰ ਰਹੇ ਹੋ ਜਿਵੇਂ ਸਭ ਕੁਝ ਕਰ ਰਹੇ ਹੋ, “ਥੋੜੀ ਜਿਹੀ ਗੱਲ ਦਾ ਵਿਰੋਧ ਕਰਨਾ ਸਾਰੀ ਗੱਲ ਵਿਚ ਹੀ ਦੋਸ਼ੀ ਹੋਣਾ ਹੈ।” ਔਹ!

152 ਪੈਂਤੀਕੋਸਟਲ, ਪੈਂਤੀਕੋਸਟਲ ਤੁਸੀਂ ਆਪਣੀ ਸੋਚ ਨੂੰ, ਆਪਣੀ ਜੱਥੇਬੰਦੀ ਦੀ ਸੁਪਨਿਆਂ ਰਾਹੀਂ ਨਹੀ, ਬਲਕਿ ਵਚਨ ਦੇ ਫਿਲਟਰ ਵਿਚ ਦੀ ਲੰਘਾਓ ਅਤੇ ਫਿਰ ਤੁਸੀਂ ਪਵਿੱਤਰ ਆਦਮੀ ਦੇ ਸਵਾਦ, ਅਤੇ ਪਵਿੱਤਰ ਆਤਮਾ ਦੇ ਸਚੇ ਬਪਤਿਸਮੇ ਨਾਲ ਬਾਹਰ ਆਓਗੇ।

153 ਕੀ ਤੁਸੀਂ ਕਲਪਨਾ ਕਰ ਸੱਕਦੇ ਹੋ ਕਿ ਇੱਕ ਆਦਮੀ ਆਪਣੀ ਪਤਨੀ ਨੂੰ ਵਾਲ ਕੱਟਣ ਦਿੰਦਾ ਹੈ, ਛੋਟੇ ਕੱਪੜੇ ਅਤੇ ਪਜਾਮੇ ਪਾਉਣ ਦਿੰਦਾ ਹੈ, ਅਤੇ ਕਹਿੰਦਾ ਹੈ ਕਿ ਉਹ ਸਮਝਦਾਰ ਆਦਮੀ ਦੀ ਛਾਨਣੀ ਵਿਚ ਦੀ ਹੋ ਕੇ ਆ ਰਿਹਾ ਹੈ? ਕੀ ਤੁਸੀਂ ਕਲਪਨਾ ਕਰ ਸੱਕਦੇ ਹੋ ਕਿ ਆਦਮੀ ਇਸ ਤਰ੍ਹਾਂ ਦਾ ਕੰਮ ਕਰ ਸੱਕਦਾ ਹੈ?

154 ਕੀ ਤੁਸੀਂ ਕਲਪਨਾ ਕਰ ਸੱਕਦੇ ਹੋ ਕਿ ਪ੍ਰਚਾਰਕ ਪੁਲਪਿਟ ਤੇ ਖੜ੍ਹਾ ਹੈ, ਕਿਉਂਕਿ ਉਸਨੂੰ ਉਸਦੀ ਸੰਗਤੀ ਚੰਗੀ ਤਨਖਾਹ ਦਿੰਦੀ ਹੈ ਅਤੇ ਉਸਨੂੰ ਥਾਪੀਆਂ ਦਿੰਦੀ ਹੈ, "ਉਸਨੂੰ ਡਾਕਟਰ ਜਾਂ ਅਦਰਨਿਯ ਭਾਈ ਸਾਹਬ ਕਹਿੰਦੇ ਹਨ," ਅਤੇ ਉਸਨੂੰ ਬਾਹਰ ਹਰ ਤਰ੍ਹਾਂ ਦੀਆਂ ਪਾਰਟੀਆਂ ਵਿਚ ਲੈ ਜਾਂਦੇ ਹਨ ਜਿੱਥੇ ਆਦਮੀ ਅਤੇ ਔਰਤਾਂ ਇੱਕਠੇ ਹੀ ਨਹਾਉਂਦੇ ਹਨ, ਅਤੇ ਸਮੁੰਦਰ ਦੇ ਕਿਨਾਰਿਆਂ ਤੇ ਇਸੇ ਤਰ੍ਹਾਂ ਦੇ ਕੰਮ ਕੀਤੇ ਜਾਂਦੇ ਹਨ; ਕੀ ਤੁਸੀਂ ਅੰਦਾਜਾ ਲਗਾ ਸਕਦੇ ਹੋ ਕਿ ਫਿਰ ਵੀ ਉਹ ਮਨੁੱਖ ਇਹ ਦਾਅਵਾ ਕਰਦਾ ਹੈ ਕਿ ਉਹ ਸਮਝਦਾਰ ਮਨੁੱਖ ਦੀ ਛਾਨਣੀ ਵਿਚ ਦੀ ਆ ਰਿਹਾ ਹੈ?

155 ਅਤੇ ਉਹਨਾਂ ਵਿਚੋਂ ਕਈ ਔਰਤਾਂ ਮੰਚ ਉੱਤੇ, ਇਸ ਤਰ੍ਹਾਂ ਦੇ ਕਪੜੇ ਪਾ ਕੇ ਆਉਂਦੀਆਂ ਹਨ ਜਿਹੜੇ ਉਹਨਾਂ ਦੇ ਗੋਡਿਆਂ ਤੋਂ ਉੱਪਰ ਹਨ, ਅਤੇ ਉਹ ਇੰਨੇ ਤੰਗ ਕੱਟੇ ਹੋਏ ਹੁੰਦੇ ਹਨ ਕਿ ਉਹਨਾਂ ਦੇ ਹਰ ਇੱਕ ਅੰਗ ਅਤੇ ਹਰਕਤ ਨੂੰ ਵਿਖਾਉਂਦੇ ਹਨ, ਅਤੇ ਉਹ ਆਪਣੇ ਕਪੜਿਆਂ ਰਾਹੀਂ ਆਪਣੇ ਅੰਦਰਲੇ ਕਪੜਿਆਂ ਦਾ ਵਿਖਾਵਾ ਕਰਦੀਆਂ ਹਨ; ਇਹ ਇਸੇ ਤਰ੍ਹਾਂ ਬੁਰਾ ਹੈ ਜਿਸ ਤਰ੍ਹਾਂ ਕਿ ਛੋਟੇ ਛੋਟੇ ਕਪੜੇ ਜਾਂ ਬਿਕਨੀ ਜਾਂ ਇਸੇ ਤਰ੍ਹਾਂ ਦੇ ਕੋਈ ਹੋਰ ਕਪੜੇ ਪਾਉਣਾ। ਤੁਸੀਂ ਲਾਉਦੀਕਿਆ ਦੇ, ਅੰਨੇ ਪੈਂਤੀਕੋਸਟਲ ਪ੍ਰਚਾਰਕੋ, ਪ੍ਰਮੇਸ਼ਵਰ ਕਿੰਨੀ ਕੁ ਦੇਰ ਤੁਹਾਨੂੰ ਝੱਲੇਗਾ, ਮੈਨੂੰ ਨਹੀ ਪਤਾ। ਹੋਵੇ...ਪ੍ਰਮੇਸ਼ਵਰ ਤੁਹਾਡੀਆਂ—ਤੁਹਾਡੀਆਂ ਅੰਨ੍ਹੀਆਂ ਅੱਖਾਂ ਉੱਤੇ ਕਿਰਪਾ ਕਰੇ। ਅੱਜ ਰਾਤ ਤੁਹਾਡੀਆਂ ਅੱਖਾਂ ਖੋਲ੍ਹਣ ਲਈ ਉਸਦੇ ਕੋਲ ਸੂਰਮਾ ਹੈ, ਤਾਂ ਕਿ ਤੁਸੀਂ ਵੇਖ ਸਕੋ।

156 ਜਿਵੇਂ ਕਿ ਮੈਂ ਅੱਜ ਸਵੇਰੇ ਕਿਹਾ ਸੀ, ਅਸੀਂ ਸਭ ਤੋਂ ਉੱਪਰ ਵਾਲੇ ਯੁੱਗ, ਵੇਖਣ ਵਾਲੇ ਯੁੱਗ ਵਿੱਚ ਹਾਂ। ਇਸ ਤੋਂ ਉੱਪਰ ਕੋਈ ਵੀ ਸਾਧਨ ਨਹੀ ਹੈ, ਜਿਸ ਨਾਲ ਤੁਸੀਂ ਬਾਹਰੀ ਤੌਰ ਤੇ ਜਾਣ ਸਕੋ। ਤੁਸੀਂ ਜਾਣਦੇ ਹੋ ਤੁਸੀਂ ਆਪਣੇ ਨੱਕ ਨਾਲ, ਸੁੰਘ ਸਕਦੇ ਹੋ; ਆਪਣੇ ਬੁੱਲ੍ਹਾਂ ਨਾਲ, ਤੁਸੀਂ ਬੋਲ ਸਕਦੇ ਹੋ; ਆਪਣੇ ਹੱਥਾਂ ਨਾਲ, ਤੁਸੀਂ ਮਹਿਸੂਸ ਕਰ ਸਕਦੇ ਹੋ ਅਤੇ ਕਿਸੇ ਚੀਜ਼ ਤੱਕ ਪਹੁੰਚ ਸਕਦੇ ਹੋ; ਅਤੇ ਆਪਣੇ ਪੈਰਾਂ ਨਾਲ, ਅਤੇ ਆਦਿ ਆਦਿ; ਪਰ ਤੁਸੀਂ ਆਪਣੀਆਂ ਅੱਖਾਂ ਤੋਂ ਅਗਾਂਹ ਨਹੀ ਜਾ ਸਕਦੇ ਹੋ।

157 ਮਲਾਕੀ ੪:੫ ਆ ਚੁੱਕਾ ਹੈ; ਉਜਾਲਾ! "ਅਤੇ ਸ਼ਾਮ ਦੇ ਵੇਲੇ ਚਾਨਣ ਹੋਵੇਗਾ।" ਓਹ, ਚਾਨਣ ਵਿਚ ਚੱਲਦੇ ਹਾਂ!

ਅਸੀਂ ਚਾਨਣ ਵਿਚ ਚੱਲਾਂਗੇ, ਇੱਕ ਸੋਹਣੇ ਚਾਨਣ ਵਿਚ,
ਜੋ ਓਥੋਂ ਆਉਂਦੀ ਹੈ ਜਿਥੇ ਕਿਰਪਾ ਦੀਆਂ ਬੂੰਦਾਂ
ਚਮਕਦਾਰ ਹਨ;

ਰਾਤ ਅਤੇ ਦਿਨ ਮੇਰੇ ਆਲੇ ਦੁਆਲੇ ਚਮਕਦਾ ਹੈ,
ਯਿਸੂ, ਵਚਨ, ਜਗਤ ਦਾ ਚਾਨਣ ਹੈ।

158 ਹਾਂ ਜੀ, ਸ਼੍ਰੀਮਾਨ। ਹੇ ਭਾਈ, ਤੁਸੀਂ ਉਸ ਵਿਚ ਦੀ ਹੋ ਕੇ ਆਓ, ਫਿਰ ਪਵਿੱਤਰ ਆਤਮਾ ਨਾਲ ਪਵਿੱਤਰ ਮਨੁੱਖ ਦੇ ਸਵਾਦ ਨਾਲ ਬਾਹਰ ਆਓਗੇ।

159 ਹੇ ਔਰਤੋ, ਤੁਸੀਂ ਕਪੜੇ ਪਾਉਣ ਦੇ ਆਧੁਨਿਕ ਵਿਚਾਰ ਨੂੰ ਜਰਾ ਕੁ ਉਸ ਵਿਚ ਦੀ ਲੰਘਾਓ। ਇਸ ਤੋਂ ਪਹਿਲਾਂ ਕਿ ਤੁਸੀ ਬਾਹਰ ਗਲੀ ਵਿਚ ਆਦਮੀ ਦੇ ਸਾਹਮਣੇ ਜਾਓ; ਆਪਣੀ ਸੋਚ ਦੇ ਆਧੁਨਿਕ ਵਿਚਾਰ ਨੂੰ ਉਸ ਵਿਚ ਦੀ ਲੰਘਾਓ, ਤੁਸੀਂ ਜਵਾਨ ਔਰਤੋ ਅਤੇ ਤੁਸੀਂ ਬਜੁਰਗ ਔਰਤੋ, ਇਸ ਤੋਂ ਪਹਿਲਾਂ ਕਿ ਤੁਸੀਂ ਆਪਣੇ ਤੰਗ ਕਪੜਿਆਂ ਨਾਲ, ਜੋ ਅਗਿਓਂ, ਪਿਛਿਓਂ ਬੜੇ ਤੰਗ ਹੁੰਦੇ ਹਨ, ਨੂੰ ਪਾ ਕੇ ਬਾਹਰ ਗਲੀ ਵਿੱਚ ਜਾਓ ਆਪਣੀ ਸੋਚ ਨੂੰ ਉਸ ਵਿਚੋਂ ਦੀ ਲੰਘਾਓ। ਮੈਂ ਆਲੋਚਕ ਨਹੀ ਹਾਂ। ਮੈਂ ਤੁਹਾਡਾ ਭਾਈ ਹਾਂ। ਮੈਂ ਮੁਰਦਿਆਂ ਅਤੇ ਜਿਉਂਦਿਆਂ ਦੇ ਵਿਚਕਾਰ ਖੜ੍ਹਾ ਹਾਂ, ਮੈਨੂੰ ਪਤਾ ਹੈ ਕਿ ਮੈਂ ਕੀ ਕਰ ਰਿਹਾ ਹਾਂ। ਇਸ ਤੋਂ ਪਹਿਲਾਂ ਕਿ ਤੁਸੀਂ ਬਾਹਰ ਜਾਓ, ਤੁਸੀਂ ਇਹ ਜਾਣ ਲਓ ਕਿ ਤੁਹਾਡੀ ਦੇਹ ਪਵਿੱਤਰ ਹੈ, ਜਾਂ ਇਹ ਪਵਿੱਤਰ ਜਾਤ ਹੈ ਜਿਹੜੀ ਖੁਦਾ ਨੇ ਤੁਹਾਨੂੰ ਦਿੱਤੀ ਹੈ; ਇਸ ਤੋਂ ਪਹਿਲਾਂ ਕਿ ਤੁਸੀਂ ਇਸ ਤਰ੍ਹਾਂ ਦੇ ਕਪੜੇ ਪਾ ਕੇ ਬਾਹਰ ਗਲੀ ਵਿਚ ਨਿਕਲੋ, ਆਪਣੇ ਦਿਮਾਗ ਨੂੰ ਇੱਕ ਸਮਝਦਾਰ ਔਰਤ ਦੀ ਛਾਨਣੀ ਵਿਚ ਦੀ ਲੰਘਾਓ। ਅਤੇ ਇਹ ਗੱਲ ਯਾਦ ਰੱਖੋ ਕਿ, "ਜੇ ਕੋਈ ਤੁਹਾਡੇ ਵੱਲ ਬੁਰੀ ਨਜਰ ਨਾਲ ਵੇਖੇ, ਤੁਸੀਂ ਉਸ ਨਾਲ ਪਹਿਲਾਂ ਹੀ ਵਿਭਚਾਰ ਕਰ ਲਿਆ ਹੈ।" ਉਸਨੂੰ ਯਾਦ ਰੱਖ, ਭੈਣ।

160 ਅਤੇ, ਭਾਈ ਇਸ ਤੋਂ ਪਹਿਲਾਂ ਕਿ ਤੁਸੀਂ ਉਸ ਨੂੰ ਵੇਖਣ ਲਈ ਦੂਸਰੀ ਵਾਰ ਆਪਣਾ ਮੂੰਹ ਘੁਮਾਓ, ਆਪਣੇ ਦਿਮਾਗ ਨੂੰ ਸਮਝਦਾਰ ਮਨੁੱਖ ਦੀ ਛਾਨਣੀ ਵਿਚ ਦੀ ਲੰਘਾਓ। ਅਤੇ ਤੁਸੀਂ ਪਵਿੱਤਰ ਆਦਮੀ ਦੇ ਸਵਾਦ ਨਾਲ ਬਾਹਰ ਆਓਗੇ, ਤਾਂ ਕਿ ਉਹ ਕਰੋ ਜੋ ਠੀਕ ਹੈ।

161 ਧਿਆਨ ਦਿਓ, ਜੇ ਤੁਸੀਂ ਆਪਣੇ ਦਿਮਾਗ ਨੂੰ ਇੱਕ ਸੋਚਣ ਵਾਲੀ ਔਰਤ ਦੀ ਛਾਨਣੀ ਵਿਚ ਦੀ ਲੰਘਾਓ, ਤਾਂ ਤੁਸੀਂ ਪਵਿੱਤਰ ਔਰਤ ਦੇ ਕਪੜਿਆਂ ਨਾਲ ਬਾਹਰ ਆਓਗੀ। ਇਹ ਠੀਕ ਹੈ। ਤੁਸੀਂ ਭਾਈ ਜੀ ਪਵਿੱਤਰ ਮਨੁੱਖ ਦੀ ਦੇਖਣੀ ਨਾਲ ਬਾਹਰ ਆਓਗੇ। ਹੁਣ, ਇਹ ਬਸ ਇਹ ਹੀ ਗੱਲ ਹੈ।

ਹਰ ਇੱਕ ਕੰਮ ਜਿਹੜਾ ਤੁਸੀਂ ਕਰਦੇ ਹੋ, ਤੁਸੀਂ ਉਸਨੂੰ ਪ੍ਰਮੇਸ਼ਵਰ ਦੀ ਛਾਨਣੀ ਵਿਚ ਦੀ ਲੰਘਾਓ, ਵੇਖੋ, ਇਹ ਸਹੀ ਹੈ ਜਾਂ ਗਲਤ।

162 ਤੁਸੀਂ ਪਵਿੱਤਰ ਔਰਤ ਦੇ ਕਪੜਿਆਂ, ਲੰਮੇ ਵਾਲਾਂ, ਸੁਸ਼ੀਲ ਕਪੜਿਆਂ; ਸ਼ਾਂਤ, ਦੀਨ ਆਤਮਾ ਨਾਲ ਬਾਹਰ ਨਿੱਕਲ ਕੇ ਆਓਗੇ; ਇਹ ਨਹੀ ਹੈ ਕਿ ਤੁਸੀਂ

ਉੱਚੀ, ਉੱਚੀ ਬੋਲਦੀਆਂ ਲੜਾਈ ਕਰਦੀਆਂ ਅਤੇ ਇਸੇ ਤਰ੍ਹਾਂ ਚੱਲਦੀਆਂ ਰਹੋਗੀਆਂ। "ਇੱਕ ਸ਼ਾਂਤ ਦੀਨ ਆਤਮਾ ਜੋ ਕਿ ਪ੍ਰਮੇਸ਼ਵਰ ਵਲੋਂ ਹੈ, ਇੱਕ ਖਜਾਨਾ ਹੈ।" ਬਾਈਬਲ ਇਸੇ ਤਰ੍ਹਾਂ ਆਖਦੀ ਹੈ।

ਹੁਣ ਤੁਸੀਂ ਜਿਹੜੇ ਬਾਹਰ ਹੋ, ਮੈਂ ਤੁਹਾਨੂੰ ਕੁਝ ਪੁਛਣਾ ਚਾਹੁੰਦਾ ਹਾਂ। ਅਸੀਂ ਕੁਝ ਪਲਾਂ ਵਿਚ ਬੰਦ ਕਰਨ ਜਾ ਰਹੇ ਹਾਂ।

163 ਹੁਣ ਆਓ ਅੱਜ ਰਾਤ ਅਸੀਂ ਸਾਰੇ ਜਣੇ ਆਪਣੀਆਂ ਇਛਾਵਾਂ ਨੂੰ ਜਾਂਚੀਏ, ਤਾਂ ਫਿਰ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਤੁਸੀਂ ਕਿਸ ਤਰ੍ਹਾਂ ਦੇ ਫਿਲਟਰ ਵਿਚ ਦੀ ਬਾਹਰ ਆ ਰਹੇ ਹੋ। ਆਓ, ਸਾਰੇ ਜਣੇ ਜੋ ਇੱਥੇ ਹਨ, ਅਤੇ ਜਿਹੜੇ ਇਸ ਦੇਸ਼ ਦੇ ਆਰ ਪਾਰ ਹਨ, ਆਪਣੇ ਆਪ ਨੂੰ ਜਾਂਚੀਏ। ਆਪਣੀਆਂ ਖ਼ੁਆਇਸ਼ਾਂ ਨੂੰ ਜਾਂਚੋ, ਤੁਸੀਂ ਅਸਲ ਵਿਚ ਜੀਵਨ ਵਿਚ ਕੀ ਚਾਹੁੰਦੇ ਹੋ। ਜਾਂਚ ਕਰੋ ਕਿ ਤੁਸੀ ਕਿਸ ਲਈ ਲੜ੍ਹ ਰਹੇ ਹੋ। ਜਾਂਚ ਕਰੋ ਕਿ ਤੁਸੀਂ ਇੱਥੇ ਕਿਸ ਲਈ ਹੋ। ਜਾਂਚ ਕਰੋ ਕਿ ਤੁਸੀ ਚਰਚ ਕਿਸ ਲਈ ਜਾਂਦੇ ਹੋ। ਤੁਹਾਨੂੰ ਕਿਹੜੀ ਚੀਜ਼...ਚਰਚ ਜਾਣਾ ਇੱਕ ਚੰਗੀ ਗੱਲ ਹੈ, ਪਰ ਸਿਰਫ ਚਰਚ ਜਾਣਾ ਹੀ; ਤੁਹਾਨੂੰ ਨਹੀ ਬਚਾਵੇਗਾ। ਸਮਝੇ? ਬਸ ਹੁਣ ਥੋੜੀ ਆਪਣੇ ਆਪ ਨੂੰ ਜਾਂਚੋ, ਕਹੋ, "ਕੀ ਮੇਰਾ ਉਦੇਸ਼... ਕੁਝ ਵੀ ਹੋਵੇ, ਮੈਂ ਕਿਸ—ਕਿਸ ਤਰ੍ਹਾਂ ਦੀ ਛਾਨਣੀ ਵਿਚ ਦੀ ਬਾਹਰ ਨਿੱਕਲ ਰਿਹਾ ਹਾਂ?"

ਅਤੇ ਜੇ ਤੁਸੀਂ ਆਪਣੇ ਆਪ ਨੂੰ ਵਚਨ ਨਾਲ ਹੀ ਸੰਭਾਲਦੇ, ਅਤੇ ਤੁਹਾਡਾ ਪ੍ਰਾਣ ਇਸ ਤਰ੍ਹਾਂ ਨਹੀ ਕਰਦਾ ਹੈ, ਤਾਂ ਫਿਰ ਕੋਈ ਨਾ ਕੋਈ ਖਰਾਬੀ ਹੈ; ਕਿਉਂਕਿ ਇਹ ਤੁਹਾਡੇ ਸਵਾਦ ਨੂੰ ਵਿਖਾਉਂਦਾ ਹੈ, ਕਿ ਜੀਵਨ...ਕਿ ਤੁਹਾਡੇ ਵਿਚ ਕਿਸ ਕਿਸਮ ਦਾ ਜੀਵਨ ਹੈ। ਜੇ ਇਹ ਪਵਿੱਤਰ, ਸੂਝਵਾਨ, ਆਦਰਯੋਗ ਹੈ ਤਾਂ ਇਹ ਉਸ ਤਰੀਕੇ ਨਾਲ ਬਾਹਰ ਆਵੇਗਾ। ਜੇ ਇਹ ਨਹੀ ਹੈ ਤਾਂ ਤੁਹਾਡੇ ਕੋਲ ਕੋਈ ਹੋਰ ਸਵਾਦ ਹੈ, ਜਿਸਨੂੰ ਤੁਸੀਂ ਆਪਣੇ ਆਪ ਵਿਚੋਂ ਖਿਚ ਰਹੇ ਹੋ। ਇਹ ਬਿਲਕੁਲ ਠੀਕ ਹੈ।

ਅਤੇ ਜੇ ਸਵਾਦ ਪ੍ਰਮੇਸ਼ਵਰ ਦਾ ਵਚਨ ਅਤੇ ਉਸਦੀ ਇੱਛਾ ਹੈ, ਤਾਂ ਤੁਸੀਂ ਜਾਣਦੇ ਹੋ ਕਿ ਤੁਹਾਡੇ ਅੰਦਰ ਕੀ ਹੈ, ਕੋਣ ਸਵਾਦ ਖਿਚ ਰਿਹਾ ਹੈ। ਇਹ ਵਿਖਾਉਂਦਾ ਹੈ ਕਿ ਤੁਸੀਂ ਉਸ ਵਚਨ ਦਾ ਹਿੱਸਾ ਹੋ। ਉਹ ਵਚਨ ਤੁਹਾਡੇ ਅੰਦਰ ਹੈ, ਵਚਨ ਵਿਚੋਂ ਖਿਚ ਰਿਹਾ ਹੈ।

164 ਇਹ ਕੀ ਖਿਚ ਰਿਹਾ ਹੈ? ਇਹ ਵਚਨ ਦੁਆਰਾ ਖਿਚ ਰਿਹਾ ਹੈ, ਕਿਉਂਕਿ ਤੁਸੀਂ ਇਸ ਯੁੱਗ ਵਿਚ ਮਸੀਹ ਦੀ ਦੇਹ ਦਾ ਭਾਗ ਹੋ। ਅਤੇ ਜੇ ਉਹ ਵਚਨ ਤੁਹਾਡੇ ਵਿਚ ਹੈ ਤਾਂ, ਇਹ ਸਿਰਫ ਵਚਨ ਦੁਆਰਾ ਹੀ ਖਿਚ ਸਕਦਾ ਹੈ, ਉਸ ਆਤਮਾ ਰਾਹੀਂ ਉਸ ਵਚਨ ਨੂੰ ਜਿਉਂਦਾ ਬਣਾਉਂਦਾ ਜੋ ਤੁਹਾਡੇ ਅੰਦਰ ਹੈ। ਵਚਨ

ਸਿਰਫ ਇੱਕਲਾ ਹੀ ਨਹੀ ਰਹੇਗਾ। ਇਹ ਹੀ ਕਾਰਨ ਹੈ ਕਿ "ਜਿੰਨਿਆਂ ਨੂੰ ਪਿਤਾ ਨੇ ਮੈਨੂੰ ਦਿੱਤਾ ਹੈ ਉਹ ਮੇਰੇ ਕੋਲ ਆਉਣਗੇ; ਅਤੇ ਜੇ ਮੈਂ ਉੱਚਾ ਉਠਾਇਆ ਜਾਵਾਂ ਤਾਂ ਮੈਂ ਸਭ ਮਨੁੱਖਾਂ ਨੂੰ ਆਪਣੇ ਵੱਲ ਖਿਚ ਲਵਾਂਗਾ।" ਸਮਝੇ? ਸਮਝੇ, "ਪਿਤਾ," ਨੇ ਹੀ ਮਸੀਹ ਦੀ ਦੇਹ ਦੇ ਉਸ ਭਾਗ ਨੂੰ ਜੋ ਜਗਤ ਵਿਚ ਹੈ, ਪਹਿਲਾਂ ਤੋਂ ਠਹਿਰਾਇਆ, ਪਹਿਲਾਂ ਤੋਂ ਹੀ ਦਿਲ ਵਿਚ ਰੱਖਿਆ ਹੈ।

165 ਹਰ ਇੱਕ ਆਦਮੀ ਜੋ ਕਿ ਇੱਕ ਸੱਚਾ ਮਸੀਹੀ ਹੈ, ਅੱਜ ਨਵਾਂ ਜਨਮ ਪਾਇਆ ਹੋਇਆ ਹੈ, ਉਹ ਜਾਣਦਾ ਹੈ ਕਿ ਜਦ ਉਹ ਛੋਟਾ ਜਿਹਾ ਲੜਕਾ ਜਾਂ ਲੜਕੀ ਹੀ ਸੀ, ਉਸ ਦੇ ਦਿਲ ਵਿਚ ਕੁਝ ਅਜਿਹਾ ਸੀ ਜੋ ਖੁਦਾ ਲਈ ਭੁੱਖਾ ਸੀ। ਅਤੇ ਤੁਸੀਂ ਚਰਚਾਂ ਵਿਚ ਸ਼ਾਮਿਲ ਹੋਣ ਦੀ, ਬਾਕੀ ਸਭ ਕੁਝ ਕਰਨ ਦੀ ਕੋਸ਼ਿਸ਼ ਕੀਤੀ; ਪਰ ਇਸ ਨਾਲ ਕੰਮ ਨਾ ਬਣਿਆ। ਇਹ ਕੀ ਸੀ? ਇਹ ਉਹ ਵਚਨ ਸੀ। ਤੁਸੀਂ ਛਾਨਣੀ ਦੀ ਖੋਜ ਕਰ ਰਹੇ ਸੀ। ਅਤੇ ਇੱਕ ਦਿਨ, ਇਹ ਤੁਹਾਡੇ ਮੁਹਰਿਓਂ ਦੀ ਲੰਘਿਆ; ਤੁਸੀਂ ਦੇਖਿਆ ਕਿ ਯਿਸੂ ਮਸੀਹ ਕੱਲ, ਅੱਜ ਅਤੇ ਯੁੱਗੋ ਯੁੱਗ ਇਕੋ ਜਿਹਾ ਹੈ। ਇਸਨੇ ਤੁਹਾਡੇ ਸਵਾਦ ਨੂੰ ਸੰਤੁਸ਼ਟ ਕਰ ਦਿੱਤਾ। ਵੇਖਿਆ?

ਕਿਉਂਕਿ, ਜਿਹੜਾ ਜੀਵਨ ਤੁਹਾਡੇ ਅੰਦਰ ਸੀ ਉਹ ਖਿਚ ਰਿਹਾ ਸੀ। ਵੇਖੋ ਜੀਵਨ ਤੁਹਾਡੇ ਅੰਦਰ ਖਿਚ ਰਿਹਾ ਹੈ, ਇਹ—ਇਹ ਦੱਸ ਰਿਹਾ ਹੈ ਕਿ ਤੁਹਾਡੇ ਅੰਦਰ ਇੱਥੇ ਕਿਹੜੀ ਇਛਾ ਹੈ। ਤੁਸੀਂ ਖਿਚ ਰਹੇ ਹੋ। ਤੁਸੀਂ *ਇਸ ਨਾਲ* ਜਾਂ *ਉਸ ਨਾਲ* ਜਾਂ *ਕਿਸੇ ਹੋਰ* ਚੀਜ਼ ਨਾਲ ਖਿਚ ਨਹੀ ਸਕਦੇ ਹੋ। ਤੁਹਾਨੂੰ ਉਹ ਸਹੀ ਫਿਲਟਰ ਲਭਣਾ ਪੈਣਾ ਹੈ, ਕਿਉਂਕਿ ਤੁਸੀਂ ਇੱਕ ਸਮਝਦਾਰ ਮਨੁੱਖ ਹੋ। ਸਮਝੇ?

166 ਜੇ ਤੁਸੀਂ ਸਮਝਦਾਰ ਮਨੁੱਖ ਹੋ ਤਾਂ ਤੁਸੀਂ ਅਗੇਤਰੇ ਹੀ ਠਹਿਰਾਏ ਗਏ ਹੋ… ਜਾਂ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਛਾਣੇ ਗਏ ਹੋ।

167 ਅਤੇ ਜੇ ਕੋਈ ਜੱਥੇਬੰਦੀ ਦਾ ਪ੍ਰਚਾਰਕ ਇਸਨੂੰ ਸੁਣਦਾ ਹੈ ਤਾਂ, ਮੈਂ ਆਸ ਕਰਦਾ ਹਾਂ ਕਿ ਉਹ ਸਮਝਦਾਰ ਮਨੁੱਖ ਦੀ ਛਾਨਣੀ ਲਵੇਗਾ, ਜੇ ਉਹ ਜੱਥੇਬੰਦੀ ਦਾ ਸੇਵਾਦਾਰ ਹੈ ਤਾਂ। ਫਿਰ ਉਹ ਜੱਥੇਬੰਦੀ ਦੇ ਬੰਡਲ ਨੂੰ ਸੁੱਟ ਦੇਵੇਗਾ ਜੋ ਕਿ ਯਕੀਨਨ ਹੀ ਨਸ਼ਟ ਹੋਣਾ ਹੈ, ਕਿਉਂਕਿ ਇਹ ਤਾਂ ਮਨੁੱਖ ਦਾ ਵਚਨ ਹੈ; ਅਤੇ ਖੁਦਾ ਦੇ ਛਾਣੇ ਹੋਏ ਵਚਨ ਨੂੰ ਕਬੂਲ ਕਰ ਲੇਵੇਗਾ ਜੋ ਕਦੇ ਵੀ ਨਾਸ਼ ਨਹੀ ਹੋਵੇਗਾ, ਨਾ ਹੀ ਟਲੇਗਾ, ਅਤੇ ਇਹ ਪਵਿੱਤਰ ਆਦਮੀ ਦੇ ਸਵਾਦ ਅਨੁਸਾਰ ਹੀ ਹੋਵੇਗਾ। ਅਤੇ, ਯਾਕੂਬ ਵਾਂਗ, ਤੁਸੀਂ ਸਾਰੇ ਸੰਸਾਰ ਨੂੰ ਤਿਆਗ ਦਿਓਗੇ, ਅਤੇ ਹਰ ਇੱਕ ਜੱਥੇਬੰਦੀ ਦੇ ਸਵਾਦ ਨੂੰ ਜਾਂ ਉਸ ਮਸ਼ਹੂਰੀ ਨੂੰ ਜਿਹੜੀ ਦੁਨੀਆ ਵਿਚ ਹੈ, ਜਿੱਥੇ ਤੁਸੀਂ ਬਿਸ਼ਪ ਬਣ ਸਕਦੇ ਹੋ, ਕਾਰਡੀਨਲ ਬਣ ਸਕਦੇ ਹੋ, ਪ੍ਰਾਂਤ ਦੇ

ਪ੍ਰੇਸਬਾਈਟਰ ਬਣ ਸਕਦੇ ਹੋ, ਜਾਂ ਕਿਸੇ ਮਹਾਨ ਚਰਚ ਦੇ ਪਾਦਰੀ ਬਣ ਸਕਦੇ ਹੋ। ਤੁਸੀਂ ਉਹ ਸਭ ਵਸਤਾਂ ਜੋ ਇੱਥੇ ਹਨ ਤਿਆਗ ਦਿਓਗੇ। ਏਸਾਊ ਵਾਂਗ ਸੰਸਾਰ ਦਾ ਹਿੱਸਾ ਨਹੀ ਬਣੋਗੇ; ਪ੍ਰੰਤੂ ਯਾਕੂਬ ਵਾਂਗ ਜਨਮ ਸਿੱਧ ਅਧਿਕਾਰ ਨੂੰ ਪ੍ਰਾਪਤ ਕਰਨ ਲਈ, ਸਮਝਦਾਰ ਮਨੁੱਖ ਦੀ ਛਾਨਣੀ ਪ੍ਰਾਪਤ ਕਰਨ ਲਈ ਸਭ ਕੁਝ ਦਿਓਗੇ; ਕਿਉਂਕਿ ਇਹ ਤੁਹਾਨੂੰ ਪਵਿੱਤਰ ਆਦਮੀ ਦਾ ਸਵਾਦ ਦੇਵੇਗਾ। ਅਤੇ ਇਹ ਸੰਤੁਸ਼ਟ ਕਰੇਗਾ। ਅਤੇ ਇਹ ਪ੍ਰਮੇਸ਼ਵਰ ਦੀਆਂ ਪਵਿੱਤਰ ਭਲਾਈਆਂ, ਅਤੇ ਪ੍ਰਮੇਸ਼ਵਰ ਦੇ ਅਨੰਤ ਸਵਾਦ ਨਾਲ ਤੁਹਾਨੂੰ ਸੰਤੁਸ਼ਟ ਕਰੇਗਾ।

168 ਯਾਦ ਰੱਖੋ, ਸ਼ੈਤਾਨ ਨੇ ਪਹਿਲਾਂ ਛੇਦ ਹਵਾਹ ਦੇ ਦਿਮਾਗ ਜਾਂ ਉਸਦੀ ਸੋਚ ਰਾਹੀਂ ਕੀਤਾ ਸੀ ਕਿ ਉਸਦੀ ਬੁਧੀ ਅਤੇ ਗਿਆਨ ਦਾ ਸਵਾਦ ਉਸ ਵਿਚ ਦੀ ਹੋ ਕੇ ਅੰਦਰ ਚਲਾ ਜਾਵੇ।

169 ਹੁਣ ਇਸਦੇ ਬਾਰੇ ਸੋਚੋ। ਮੈਂ ਬੰਦ ਕਰ ਰਿਹਾ ਹਾਂ। ਸ਼ੈਤਾਨ ਨੇ ਪਹਿਲਾਂ ਸੁਰਾਖ ਉਸ ਵਿਚ ਦੀ ਕੀਤਾ, ਕਿਉਂਕਿ ਉਹ ਸਿਰਫ ਵਚਨ ਹੀ ਚੂਸ ਸੱਕਦੀ ਸੀ। ਉਹ ਆਤਮਾ ਸੀ ਜੋ ਪ੍ਰਮੇਸ਼ਵਰ ਦੇ ਵਚਨ ਵਿਚ ਦੀ ਹੋ ਕੇ ਅੰਦਰ ਆ ਰਿਹਾ ਸੀ, ਕਿਉਂਕਿ ਉਸਨੇ ਕਿਹਾ ਸੀ, "ਜਦ ਤੱਕ ਤੁਸੀਂ ਇਸ ਛਾਨਣੀ ਵਿਚ ਦੀ ਸਾਹ ਲੈਂਦੇ ਹੋ ਤੁਸੀਂ ਕਦੇ ਨਾ ਮਰੋਗੇ; ਪਰ ਜਦ ਤੁਸੀਂ *ਇਸ* ਤੋਂ ਬਾਹਰ ਦੀ ਸਾਹ ਲਵੋਂਗੇ ਤੁਸੀਂ ਮਰ ਜਾਵੋਂਗੇ।" ਸਮਝੇ?

170 ਅਤੇ ਸ਼ੈਤਾਨ ਨੇ ਕਿਹਾ, "ਪਰ ਤੂੰ *ਇੱਥੇ* ਕੁਝ ਨਹੀ ਜਾਣਦੀ ਹੈਂ। ਪਰ ਤੂੰ *ਇੱਥੇ* ਥੋੜਾ ਜਿਹਾ ਇਸਦਾ ਸਵਾਦ ਤਾਂ ਵੇਖ, ਅਤੇ ਤਦ ਤੂੰ ਜਾਣ ਜਾਵੇਂਗੀ; ਅਤੇ ਪ੍ਰਮੇਸ਼ਵਰ ਵਰਗੀ ਹੋ ਜਾਵੇਂਗੀ। ਵੇਖੋ, ਉਹ ਭਲੇ ਅਤੇ ਬੁਰੇ ਨੂੰ ਜਾਣਦਾ ਹੈ; ਤੁਸੀਂ ਨਹੀ ਜਾਣਦੇ ਹੋ। ਅਤੇ ਜੇ ਤੂੰ ਬਸ *ਇਸਦਾ* ਥੋੜਾ ਜਿਹਾ ਸਵਾਦ ਚੱਖੇਂ ।" ਅਤੇ ਉਸਨੇ ਉਸਨੂੰ ਉਸ ਵਿੱਚ ਸੁਰਾਖ਼ ਕਰ ਲੈਣ ਦਿੱਤਾ, ਸਿਰਫ ਇੱਕ ਛੋਟਾ ਜਿਹਾ ਸੁਰਾਖ਼।

171 ਹੁਣ ਤੁਸੀਂ ਵੇਖਿਆ ਮੈਂ ਕਿਉਂ ਕਿਹਾ...ਤੁਸੀਂ ਕਹਿੰਦੇ ਹੋ, "ਤੁਸੀਂ ਔਰਤਾਂ ਨੂੰ ਕਿਉਂ ਨਹੀ ਸਿਖਾਉਂਦੇ ਕਿ ਪਵਿੱਤਰ ਆਤਮਾ ਦਾ ਦਾਨ ਅਤੇ ਇਸੇ ਤਰ੍ਹਾਂ ਦੀਆਂ ਹੋਰ ਚੀਜ਼ਾਂ ਕਿਸ ਤਰ੍ਹਾਂ ਪ੍ਰਾਪਤ ਕਰਨੀਆਂ ਹਨ?"

172 ਮੈਂ ਕਿਹਾ, "ਤੁਸੀਂ ਉਹਨਾਂ ਨੂੰ ਅਲਜਬਰਾ ਕਿਵੇਂ ਸਿਖਾ ਸਕਦੇ ਹੋ ਜਦ ਕਿ ਉਹਨਾਂ ਨੂੰ ੳ, ਅ ਵੀ ਨਹੀ ਆਉਂਦਾ ਹੈ?"

ਇਹ ਇੱਕ ਛੋਟਾ ਜਿਹਾ ਛੇਦ ਹੀ ਸੀ। ਉਸਨੇ ਸੰਸਾਰ ਦੀ ਬੁਧੀ ਲਈ, ਅਤੇ ਜਦ ਇਸ ਤਰ੍ਹਾਂ ਕੀਤਾ, ਤਾਂ ਇਸ ਨਾਲ ਸਾਰੇ ਪਰਿਵਾਰ ਵਿਚ ਮੌਤ ਆ ਗਈ, ਉਹ ਬੁਧੀ ਦਾ ਸਵਾਦ ਚੱਖਣਾ ਚਾਹ ਰਹੀ ਸੀ।

173 ਹੁਣ ਛਾਨਣੀ ਵੱਲ ਧਿਆਨ ਦਿਓ, ਅਤੇ ਇਸਨੇ ਯਕੀਨਨ ਹੀ ਉਸਦੇ ਸਵਾਦ ਨੂੰ ਪ੍ਰਗਟ ਕਰ ਦਿੱਤਾ ਸੀ। ਉਸਦਾ ਸਵਾਦ ਦੁਨੀਆਂ ਲਈ ਸੀ; ਇਹ ਹੀ ਸੀ ਜੋ ਉਸਨੂੰ ਮਿਲਿਆ ਸੀ। ਅੱਜ ਵੀ ਇਸੇ ਤਰ੍ਹਾਂ ਹੈ। ਉਹ ਸੰਸਾਰ ਅਤੇ ਉਸਦੀਆਂ ਚੀਜ਼ਾਂ ਨਾਲ ਪਿਆਰ ਕਰਦੇ ਹਨ, ਭਗਤੀ ਦਾ ਰੂਪ ਧਾਰ ਕੇ ਉਸਦੀ ਸ਼ਕਤੀ ਦਾ ਇਨਕਾਰ ਕਰ ਰਹੇ ਹਨ। ਵੇਖੋ, ਸ਼ੈਤਾਨ ਉਹਨਾਂ ਨੂੰ ਪਰਾਈ ਭਾਖਿਆ ਵਿੱਚ ਬੋਲਣ ਦੇਵੇਗਾ; ਉਹ ਉਹਨਾਂ ਨੂੰ ਰੌਲਾ ਪਾ ਲੈਣ ਦੇਵੇਗਾ; ਉਹ ਉਹਨਾਂ ਨੂੰ ਚੰਗਾਈ ਸਭਾਵਾਂ ਕਰ ਲੈਣ ਦੇਵੇਗਾ; ਉਹ ਉਹਨਾਂ ਨੂੰ ਇਸ ਤਰ੍ਹਾਂ ਦੇ ਸਭ ਕੰਮ ਕਰ ਲੈਣ ਦਿੰਦਾ ਹੈ।

174 ਉਸਨੇ ਕਿਹਾ, “ਉਸ ਦਿਨ ਬਹੁਤ ਸਾਰੇ ਮੇਰੇ ਕੋਲ ਆਉਣਗੇ, ਅਤੇ ਕਹਿਣਗੇ, ‘ਪ੍ਰਭੂ ਕੀ ਮੈਂ ਤੇਰੇ ਨਾਮ ਵਿਚ ਭੂਤਾਂ ਨੂੰ ਨਹੀ ਕਢਿਆ, ਕੀ ਮੈਂ ਬਹੁਤ ਸਾਰੇ ਕੰਮ ਨਹੀ ਕੀਤੇ, ਕੀ ਮੈਂ *ਇਹ* ਨਹੀ ਕੀਤਾ?’” ਉਹ ਕਹੇਗਾ, “ਹੇ ਬੁਰਿਆਰੋ, ਮੈਂ ਤਾਂ ਤੁਹਾਨੂੰ ਜਾਣਦਾ ਵੀ ਨਹੀ।” ਜਦ ਵਚਨ ਤੁਹਾਡੇ ਬਿਲਕੁਲ ਸਾਹਮਣੇ ਰੱਖਿਆ ਗਿਆ ਤਾਂ ਫਿਰ ਤੁਸੀਂ ਸੰਸਾਰ ਦੇ ਉਸ ਪੁਰਾਣੇ ਫਿਲਟਰ ਨੂੰ ਚੂਸਦੇ ਰਹੇ, ਵੇਖੋ, ਇਹ ਤੁਹਾਡੇ ਦਿਲ ਵਿਚਲੇ ਸਵਾਦ ਨੂੰ ਵਿਖਾਉਂਦਾ ਹੈ।

175 ਘੁਗੀਆਂ ਸੜ੍ਹਿਆ ਗਲ੍ਹਿਆ ਮਾਸ ਨਹੀ ਖਾ ਸਕਦੀਆਂ ਹਨ। ਉਹ ਉਸਨੂੰ ਨਹੀ ਖਾ ਸਕਦੀਆਂ ਹਨ। ਉਹਨਾਂ ਵਿਚ ਪਿੱਤਾ ਨਹੀ ਹੁੰਦਾ ਹੈ। ਇੱਕ ਕਾਂ ਇੱਕ ਘੁੱਗੀ ਵਾਂਗ ਦਾਣੇ ਖਾ ਸੱਕਦਾ ਹੈ ਅਤੇ ਇੱਕ ਕਾਂ ਵਾਂਗ ਸੜ੍ਹਿਆ ਗਲ੍ਹਿਆ ਮਾਸ ਵੀ ਖਾ ਸੱਕਦਾ ਹੈ, ਵੇਖੋ, ਕਿਉਂਕਿ ਉਹ ਇੱਕ ਪਾਖੰਡੀ ਹੈ। ਪਰ ਘੁੱਗੀ ਦੂਸਰਿਆਂ ਪੰਛੀਆਂ ਵਾਂਗ ਨਹੀ ਬਣੀ ਹੁੰਦੀ ਹੈ, ਇਸੇ ਲਈ ਖੁਦਾ ਨੇ ਆਪਣੇ ਆਪ ਨੂੰ ਹੇਠਾਂ ਉਤਾਰਦੇ ਸਮੇਂ ਇੱਕ ਘੁੱਗੀ ਦਰਸਾਇਆ ਸੀ। ਸਮਝੇ? ਇਹ ਨਹੀ—ਇਹ ਨਹੀ ਹੋ ਸਕਦਾ...ਇਹ ਸੜੇ ਗਲੇ ਮਾਸ ਦੀ ਬਦਬੂ ਨੂੰ ਸਹਾਰ ਨਹੀ ਸਕਦਾ। ਇਹ ਇਲ੍ਹ ਨਹੀ ਹੈ; ਕਾਰਨ ਇਹ ਹੈ ਕਿ ਉਸ ਵਿਚ ਪਿੱਤਾ ਨਹੀ ਹੁੰਦਾ ਹੈ। ਉਹ ਉਸਨੂੰ ਪਚਾ ਨਹੀ ਸਕਦਾ ਹੈ। ਜੇ ਉਹ ਇਸਨੂੰ ਖਾ ਲਵੇ, ਤਾਂ ਇਹ ਉਸਨੂੰ ਮਾਰ ਦੇਵੇਗਾ।

ਅਤੇ ਇੱਕ ਘੁੱਗੀ ਨੂੰ ਕਦੇ ਨਹਾਉਣਾ ਨਹੀਂ ਪੈਂਦਾ ਹੈ। ਘੁੱਗੀ ਦੇ ਸ਼ਰੀਰ ਵਿਚੋਂ ਤੇਲ ਬਾਹਰ ਨੂੰ ਨਿਕਲਦਾ ਹੈ, ਜਿਹੜਾ ਉਸਨੂੰ ਸਾਫ਼ ਰੱਖਦਾ ਹੈ। ਇਹ ਜੀਵਨ ਹੈ ਜੋ ਘੁੱਗੀ ਵਿਚ ਹੁੰਦਾ ਹੈ; ਇਹ ਉਸ ਦੇ ਅੰਦਰ ਇੱਕ ਤੇਲ ਪੈਦਾ ਕਰਦਾ ਹੈ ਜੋ ਉਸਦੇ ਪਰਾਂ ਨੂੰ ਸਾਫ਼ ਰੱਖਦਾ ਹੈ। ਇਸੇ ਤਰ੍ਹਾਂ ਹੀ ਇੱਕ ਮਸੀਹੀ ਹੁੰਦਾ ਹੈ; ਉਹਨਾਂ ਦੇ ਅੰਦਰ ਇੱਕ ਜੀਵਨ ਹੁੰਦਾ ਹੈ ਜਿਹੜਾ ਉਹਨਾਂ ਨੂੰ ਸਾਫ਼ ਰੱਖਦਾ ਹੈ। ਇਹ ਛਣਿਆ ਹੋਇਆ ਹੁੰਦਾ ਹੈ।

176 ਓਹ, ਧਿਆਨ ਦਿਓ! ਹੁਣ, ਇਸ ਤੇ ਵੇਖੋ...ਛਾਨਣੀ ਨੂੰ ਵੇਖੋ, ਤੁਸੀਂ ਯਕੀਨਨ ਹੀ ਉਸ ਸਵਾਦ ਨੂੰ ਵੇਖ ਸਕਦੇ ਹੋ, ਦੇਖ ਸਕਦੇ ਹੋ ਕਿ ਉਹ ਕੀ ਕਰ ਰਹੇ ਹਨ।

177 ਇਸ ਆਧੁਨਿਕ ਕਲੀਸਿਯਾ ਵੱਲ ਵੇਖੋ। ਤੁਸੀਂ ਉਹਨਾਂ ਦੇ ਫਿਲਟਰ ਵਲ ਝਾਤੀ ਮਾਰੋ। ਤੁਸੀਂ ਵੇਖ ਸਕਦੇ ਹੋ ਕਿ ਉਹ ਕਿਸ ਨਾਲ ਪਿਆਰ ਕਰਦੇ ਹਨ? ਵੇਖ ਸਕਦੇ ਹੋ ਉਹਨਾਂ ਦੇ ਕੋਲ ਕੀ ਹੈ। ਪਿਆਰ, ਉਹ ਕਿਸ ਨਾਲ ਪਿਆਰ ਕਰਦੇ ਹਨ? ਕੁਮਾਰੀ ਲਾਉਦੀਕਿਆ ਜੋ ਕਿ ਪ੍ਰਮੇਸ਼ਵਰ ਦੇ ਨਿਆਂ ਵੱਲ ਵੱਧ ਰਹੀ ਹੈ। ਇਹ ਠੀਕ ਹੈ। ਕਲੀਸਿਯਾ ਦਾ ਪਿਆਰ, ਅੱਜ ਲਾਉਦੀਕਿਆ ਲਈ ਹੈ, ਉਸ ਵੱਡੀ ਜੱਥੇਬੰਦੀ ਲਈ ਹੈ, ਵੱਡੇ ਪ੍ਰਬੰਧ ਲਈ ਹੈ, ਮਹਾਨ ਨਾਮੀ ਚੀਜ਼ਾਂ ਲਈ ਹੈ। ਵਧੀਆ ਕਪੜੇ ਪਾਏ ਹੋਏ ਲੋਕਾਂ ਲਈ ਹੈ, ਜੋ ਬਹੁਤ ਹੀ ਸਭਿਅਕ, ਗਿਆਨ ਨਾਲ ਭਰੇ ਹੋਏ ਹਨ, ਸ਼ੈਤਾਨ ਨਾਲ ਭਰੇ ਹੋਏ ਹਨ ਮਸੀਹ ਦੀ ਕਲੀਸਿਯਾ ਹੋਣ ਦੇ ਧੋਖੇ ਵਿਚ ਹਨ। ਉੱਥੇ ਤਾਂ ਸਿਰਫ ਇੱਕ ਸ਼ਬਦ ਹੀ ਹੋਣਾ ਚਾਹੀਦਾ ਹੈ "ਮਸੀਹੀ ਵਿਰੋਧੀ"। ਕਿਉਂਕਿ, ਵਿਵਹਾਰਕ ਰੂਪ ਵਿਚ ਉਹ ਹਰ ਉਸ ਗੱਲ ਦੇ ਵਿਰੁੱਧ ਹਨ ਜਿਹੜੀ ਮਸੀਹ ਨੇ ਸਿਖਾਈ ਸੀ; ਇਹ ਸਹੀ ਹੈ, ਇਨ੍ਹਾਂ ਹੀ ਕਾਫੀ ਹੈ ਕਿ ਉਹ ਆਪਣੇ ਆਪਨੂੰ ਇਹ ਕਹਿ ਸਕਣ।

178 ਹੁਣ ਜੇ ਅੱਜ ਰਾਤ ਤੁਸੀਂ ਇੱਥੇ ਜਾਂ ਬਾਹਰ ਦੇਸ਼ ਵਿਚੋਂ ਜਿਥੇ ਇਹ ਸੰਦੇਸ਼ ਜਾ ਰਿਹਾ ਹੈ, ਸਮਝਦਾਰ ਲੋਕ ਹੋ ਤਾਂ ਤੁਹਾਡੀ ਇਛਾ ਬਾਈਬਲ ਦਾ ਸਵਾਦ ਹੋਵੇਗਾ, ਨਾ ਕਿ ਜੱਥੇਬੰਦੀ ਦਾ ਸਵਾਦ। ਕਿਉਂਕਿ ਤੁਹਾਡਾ ਨਿਆਂ ਬਿਲਕੁਲ ਇਸ ਬਾਈਬਲ ਅਨੁਸਾਰ ਹੋਵੇਗਾ, ਉਸ ਵਚਨ ਦੁਆਰਾ ਜਿਹਦੇ ਬਾਰੇ ਵਿਚ ਮੈਂ ਕਹਿ ਰਿਹਾ ਹਾਂ ਕਿ ਤੁਸੀਂ ਆਪਣੇ ਪ੍ਰਾਣ ਨੂੰ ਉਸ ਵਿਚ ਦੀ ਛਾਣ ਲਓ। ਅਤੇ ਇਸਦੇ ਇੱਕ ਵੀ ਵਚਨ ਨੂੰ ਰੱਦ ਕਰਨ, ਅਤੇ ਆਪਣੇ ਪ੍ਰਾਣ ਨੂੰ ਇਸ ਵਿਚੋਂ ਦੀ ਨਾ ਲੰਘਾਉਣ ਦੁਆਰਾ ਤੁਸੀਂ ਨਸ਼ਟ ਹੋ ਜਾਵੋਗੇ। "ਕਿਉਂਕਿ ਆਦਮੀ ਨਿਰਾ ਸਾਹ ਲੈਣ ਨਾਲ, ਰੋਟੀ ਨਾਲ ਹੀ ਜਿਉਂਦਾ ਨਹੀ ਰਹੇਗਾ, ਪਰ ਹਰ ਇੱਕ ਉਸ ਵਚਨ ਨਾਲ ਜਿਹੜਾ ਪ੍ਰਮੇਸ਼ਵਰ ਦੇ ਮੂੰਹ ਵਿਚੋਂ ਨਿੱਕਲਦਾ ਹੈ।"

179 ਅਤੇ ਇਹ ਤੁਹਾਨੂੰ ਪਹਿਲਾਂ ਤੋਂ ਹੀ ਠਹਿਰਾਏ ਜਾਣ ਵਿਚ ਲੈ ਕੇ ਆਵੇਗਾ। ਅਤੇ ਜਦ ਖੁਦਾ ਤੁਹਾਡੇ ਉੱਤੇ ਸਾਹ ਫੂਕੇਗਾ ਤਾਂ ਉਸਦਾ ਆਤਮਾ ਉਸ ਵਚਨ ਨੂੰ ਅਸਲ ਵਿਚ ਜੀਵਤ ਕੇ ਦੇਵੇਗਾ ਅਤੇ ਤੁਸੀਂ ਵੇਖੋਗੇ ਕਿ ਯਿਸੂ ਮਸੀਹ ਅੱਜ, ਕੱਲ ਅਤੇ ਯੁੱਗੋ ਯੁੱਗ ਇੱਕੋ ਜਿਹਾ ਹੈ। ਹੇ ਮੇਰੇ ਪ੍ਰਭੂ!

180 ਸੰਸਾਰ ਦੀਆਂ ਜੱਥੇਬੰਦੀਆਂ, ਧਾਰਮਿਕ ਡੱਬੇ ਨੂੰ ਛੱਡ ਦਿਓ। ਉਸਨੂੰ ਉਸੇ ਤਰ੍ਹਾਂ ਛੱਡ ਦਿਓ, ਜਿਵੇਂ ਸਿਗਰੇਟ ਦਾ ਡੱਬਾ ਜੰਗਲ ਵਿਚ ਸੀ। ਇਸਨੂੰ ਸੜ੍ਹ ਗਲ੍ਹ ਜਾਣ ਦਿਓ। ਇਹ—ਇਹ ਗਲਤ ਛਾਨਣੀ ਹੈ। ਅਤੇ ਵਚਨ ਨੂੰ ਲੈ ਲਵੋ, ਜੋ ਕਿ

ਮਸੀਹ ਹੈ, ਜੋ ਹਰ ਇੱਕ ਨੂੰ ਅਨੰਤ ਜੀਵਨ ਦਾ ਸਵਾਦ ਦਿੰਦਾ ਹੈ ਅਤੇ ਅਨੰਤ ਜੀਵਨ ਨੂੰ ਸੰਭਾਲ ਕੇ ਰੱਖਦਾ ਹੈ ਅਤੇ ਉਹ ਹੀ ਤੁਹਾਡੇ ਕੋਲ ਪਹੁੰਚਦਾ ਹੈ।

181 ਜੇ ਤੁਸੀਂ ਅਗੇਤਰੇ ਠਹਿਰਾਏ ਗਏ ਹੋ ਤਾਂ ਤੁਸੀਂ ਵਚਨ ਦੇਖਦੇ ਹੋ। ਤੁਹਾਡੇ ਕੋਲੋ ਵਚਨ ਨੂੰ ਛੁਪਾਉਣ ਦਾ ਕੋਈ ਵੀ ਤਰੀਕਾ ਨਹੀ ਹੈ। ਤੁਸੀਂ ਉਧਰ ਵੇਖਦੇ ਅਤੇ ਕਹਿੰਦੇ ਹੋ, "ਇਹ ਮੇਰੇ ਸਾਹਮਣੇ ਬਿਲਕੁਲ ਸਾਫ਼ ਹੈ! ਮੈਂ ਇਸਨੂੰ ਵੇਖਿਆ ਹੈ। ਇਹ ਇੱਥੇ ਹੈ। ਮੈਂ ਸਿੱਧਾ ਇਸਨੂੰ ਵੇਖ ਰਿਹਾ ਹਾਂ। ਮੈਂ ਇਸਨੂੰ ਵੇਖਦਾ ਹਾਂ। ਵਚਨ ਇੱਥੇ ਹੈ; ਹਰੇਕ ਵਚਨ, ਮੈਂ ਵਚਨ ਨੂੰ ਸ਼ਬਦ ਦਰ ਸ਼ਬਦ ਜੀਵਤ ਹੁੰਦਾ ਵੇਖਦਾ ਹਾਂ।" ਫਿਰ ਇਹ ਅਨੰਤ ਜੀਵਨ ਦਾ ਸਵਾਦ ਹੁੰਦਾ ਹੈ ਜਿਸਨੂੰ ਤੁਸੀਂ ਚਾਹੁੰਦੇ ਹੋ।

ਅਤੇ ਜਦ ਤੁਸੀਂ ਇਸਦੇ ਵਿਚ ਦੀ ਸਾਹ ਲੈਂਦੇ ਹੋ, ਪ੍ਰਮੇਸ਼ਵਰ ਦੀ ਉਸ ਛਾਨਣੀ ਵਿਚ ਦੀ ਕੀ ਅੰਦਰ ਆ ਸਕਦਾ ਹੈ? ਹੋਰ ਕੁਝ ਨਹੀ ਬਲਕਿ ਆਤਮਾ; ਕੋਈ ਦੁਨੀਆਂਦਾਰੀ ਨਹੀ, ਬਿਲਕੁਲ ਨਹੀ; ਕੋਈ ਬੇਪ੍ਰਤੀਤੀ ਨਹੀ, ਬਿਲਕੁਲ ਨਹੀ; ਇਹ ਪ੍ਰਮੇਸ਼ਵਰ ਦੀ ਛਾਨਣੀ ਹੈ। ਅਤੇ ਜਦ ਤੁਸੀਂ ਉਸ ਵਿਚ ਦੀ ਸਾਹ ਲੈਂਦੇ ਹੋ, ਉਸ ਵਿਚੋਂ ਦੀ ਪਵਿੱਤਰ ਆਤਮਾ ਤੋਂ ਇਲਾਵਾ ਹੋਰ ਕੁਝ ਨਹੀ ਆ ਸਕਦਾ ਹੈ।

182 ਹੁਣ, ਤੁਹਾਡੇ ਕੋਲ ਪਵਿੱਤਰ ਆਤਮਾ ਦਾ ਸਬੂਤ ਹੈ, ਵੇਖੋ, ਪਵਿੱਤਰ ਆਦਮੀ ਜਾਂ ਪਵਿੱਤਰ ਔਰਤ ਦਾ ਸਵਾਦ ਇਹ ਹੀ ਹੁੰਦਾ ਹੈ। ਉਹ ਜੀਣਾ ਚਾਹੁੰਦੇ ਹਨ। ਉਹਨਾਂ ਕੋਲ ਅਨੰਤ ਜੀਵਨ ਹੁੰਦਾ ਹੈ। ਅਤੇ ਕਿਉਂਕਿ ਇਸ ਵਚਨ ਨੇ ਉਹਨਾਂ ਨੂੰ ਜਿਉਂਦੇ ਕੀਤਾ ਹੈ, ਉਹ ਜਿਉਂਦੇ ਹਨ, ਇੱਕ ਸਮਝਦਾਰ ਮਨੁੱਖ ਦੀ ਛਾਨਣੀ ਅਤੇ ਇੱਕ ਪਵਿੱਤਰ ਮਨੁੱਖ ਦਾ ਸਵਾਦ।

183 ਧੋਖੇ ਵਿਚ ਆ ਕੇ ਇਹਨਾਂ ਸਿਗਰੇਟ ਕੰਪਨੀਆਂ ਵਾਂਗ ਸੰਸਾਰ ਨੂੰ ਨਾ ਲਓ, ਪਰ ਇੱਕ ਸੱਚੇ ਸਮਝਦਾਰ ਮਨੁੱਖ ਦੀ ਛਾਨਣੀ ਹੀ ਲਓ। ਜਿਹੜਾ ਸਾਹ ਤੁਸੀਂ ਲੈਂਦੇ ਹੋ ਤੁਸੀਂ ਉਸ ਸਾਹ ਨੂੰ ਛਾਣੋ, ਖਾਣਾ ਜਿਹੜਾ ਤੁਸੀਂ ਖਾਂਦੇ ਹੋ, ਉਸਨੂੰ ਛਾਣੋ, ਤੁਸੀਂ ਜੋ ਕੁਝ ਵੀ ਹੋ, ਤੁਸੀਂ ਉਸਨੂੰ ਖੁਦਾ ਦੇ ਵਚਨ ਰਾਹੀਂ ਛਾਣੋ, ਅਤੇ ਫਿਰ ਤੁਹਾਨੂੰ ਪਵਿੱਤਰ ਆਦਮੀ ਦਾ ਸਵਾਦ ਮਿਲੇਗਾ। ਕਿਉਕਿ ਇਹ ਉਸਨੂੰ ਪੈਦਾ ਕਰੇਗਾ, ਕਿਉਂਕਿ ਉਹ ਕੱਲ, ਅੱਜ ਅਤੇ ਯੁੱਗੋ ਯੁੱਗ ਇੱਕੋ ਜਿਹਾ ਹੈ।

184 ਅਤੇ ਮੈਂ ਜਾਣਦਾ ਹਾਂ ਭਾਵੇਂ ਅਸੀਂ ਹੋਈਏ ਜਾਂ ਨਾ ਹੋਈਏ...ਮੈਂ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਹਾਂ। ਪ੍ਰੰਤੂ, ਜੇ ਅਸੀਂ ਨਹੀ, ਹਾਂ ਤਾਂ ਅੱਜ ਸੰਸਾਰ ਵਿਚ ਅਜਿਹਾ ਕੋਈ ਹੈ ਜੋ ਮਸੀਹ ਦੀ ਦੇਹ ਦਾ ਭਾਗ ਹੈ; ਅਤੇ ਉਹ ਭਾਗ ਸਿਰਫ ਉਸਦੇ ਵਚਨ ਨਾਲ ਹੀ ਜਿਉਂਦਾ ਰਹੇਗਾ, ਜੋ ਪ੍ਰਮੇਸ਼ਵਰ ਦੇ ਮੂੰਹ ਵਿਚੋਂ ਇਸ ਯੁੱਗ ਲਈ ਜਿਸ ਵਿਚ ਅਸੀਂ ਰਹਿ ਰਹੇ ਹਾਂ ਨਿਕਲਦਾ ਹੈ।

185 ਅਤੇ ਮੈਂ ਵੇਖ ਨਹੀ ਸਕਦਾ ਕਿ ਜੱਥੇਬੰਦੀਆਂ ਕਿੱਥੇ ਹਨ…ਬਾਈਬਲ ਵਿਚ ਉਹ ਵਚਨ ਅਤੇ ਉਹ ਗੱਲਾਂ ਜਿਹੜੀਆਂ ਹੋਣੀਆਂ ਹਨ ਬਿਲਕੁਲ ਸਾਫ਼ ਹਨ, ਅਤੇ ਅਸੀਂ ਹੁਣ ਇਸ ਵੇਲੇ ਉਸ ਸਮੇਂ ਵਿਚ ਹੀ ਰਹਿ ਰਹੇ ਹਾਂ। ਮੈਂ ਕਿਤੇ ਵੀ ਇਸ ਤੋਂ ਇਲਾਵਾ ਹੋਰ ਕੁਝ ਨਹੀ ਵੇਖ ਸਕਦੇ ਹਾਂ।

186 ਕਲੀਸਿਯਾ, ਮੈਨੂੰ ਲਗਦਾ ਹੈ ਕਿਸੇ ਦਿਨ ਮੈਨੂੰ ਨਿਆਂ ਵਿਚ ਤੇਰੇ ਨਾਲ ਖੜ੍ਹੇ ਹੋਣਾ ਪੈਣਾ ਹੈ। ਇਹ ਗੱਲ ਮੇਰੇ ਤੋਂ ਦੂਰ ਹੋਵੇ ਕਿ ਮਸ਼ਹੂਰੀ ਲਈ ਮੈਂ ਤੁਹਾਨੂੰ ਕੋਈ ਗਲਤ ਗੱਲ ਦੱਸਾਂ। ਮੈਂ ਉਹ ਨਹੀ ਚਾਹੁੰਦਾ ਹਾਂ। ਜੇ ਮੇਰੀ ਖੁਆਇਸ਼ ਸੀ, ਮੇਰੀ ਮਨੁੱਖ ਹੋਣ ਦੇ ਨਾਤੇ ਇਹ ਹੀ ਇਛਾ ਸੀ, ਕਿ ਮੈਂ ਆਪਣੀ ਬੰਦੂਕ ਚੁੱਕ ਕੇ ਜੰਗਲਾਂ ਵਿੱਚ ਚਲਾ ਜਾਵਾਂ ਅਤੇ ਆਪਣੇ ਲਈ ਇੱਕ ਕੈਬਿਨ ਬਣਾਵਾਂ, ਅਤੇ ਆਪਣੀ ਬਾਕੀ ਸਾਰੀ ਜਿੰਦਗੀ ਸ਼ਿਕਾਰ ਖੇਡਦਾ ਰਹਾਂ। ਮੈਂ ਬੁੱਢਾ ਹੋ ਰਿਹਾ ਹਾਂ, ਥੱਕ ਟੁੱਟ ਰਿਹਾ ਹਾਂ ਅਤੇ ਖਤਮ ਹੋ ਰਿਹਾ ਹਾਂ, ਪਰ ਮੈਂ ਛੱਡ ਨਹੀ ਸਕਦਾ ਹਾਂ। ਮੇਰੇ ਅੰਦਰ ਕੋਈ ਚੀਜ਼ ਜੋਰ ਮਾਰ ਰਹੀ ਹੈ। ਮੇਰੇ ਉੱਤੇ ਹਾਏ, ਜੇ ਮੈਂ ਸਚਾਈ, ਸੰਪੂਰਨ ਸਚਾਈ ਨਾ ਦੱਸਾਂ। ਮੇਰੇ ਉੱਤੇ ਹਾਏ ਜੇ ਮੈਂ ਤਦ ਤੱਕ ਖੜ੍ਹਾ ਨਹੀ ਰਹਿੰਦਾ ਹਾਂ ਜਦ ਤੱਕ ਕਿ ਮੇਰਾ ਹਰ ਇੱਕ ਸਾਹ ਮੇਰੇ ਸ਼ਰੀਰ ਨੂੰ ਛੱਡ ਕੇ ਚਲਾ ਨਹੀ ਜਾਂਦਾ ਹੈ। ਕੋਈ ਕੀ ਕਹਿੰਦਾ ਹੈ ਇਸਦੀ ਪ੍ਰਵਾਹ ਕੀਤੇ ਬਗੈਰ ਮੈਂ ਜਰੂਰ ਖੜ੍ਹੇ ਰਹਿਣਾ ਹੈ, ਕਿਉਂਕਿ ਮੈਂ ਪ੍ਰਮੇਸ਼ਵਰ ਦੇ ਸਾਹਮਣੇ ਜਿੰਮੇਵਾਰ ਹਾਂ।

187 ਅਤੇ ਮੈਂ ਸਚਮੁਚ ਇਸਦਾ ਵਿਸ਼ਵਾਸ ਕਰਦਾ ਹਾਂ ਕਿ ਜੋ ਅਸੀਂ ਪ੍ਰਚਾਰ ਕਰ ਰਹੇ ਹਾਂ ਸੰਪੂਰਨ ਸਚ ਹੈ। ਇਸ ਲਈ ਨਹੀ ਕਿ ਮੈਂ ਇਸਦਾ ਪ੍ਰਚਾਰ ਕਰ ਰਿਹਾ ਹਾਂ। ਨਹੀ ਮੇਰੇ ਭਾਈ। ਨਹੀ ਜੀ ਸ਼੍ਰੀਮਾਨ। ਪ੍ਰਮੇਸ਼ਵਰ ਮੇਰੇ ਦਿਲ ਨੂੰ ਜਾਣਦਾ ਹੈ। ਮੈਂ ਕਿੰਨਾ ਚਾਹੁੰਦਾ ਹਾਂ ਕਿ ਸੰਗਤ ਵਿਚ ਬੈਠ ਕੇ ਮਸਹ ਕੀਤਾ ਹੋਇਆ ਪ੍ਰਚਾਰ ਸੁਣਾ। ਮੇਰੇ ਲਈ ਇਹ ਕਿੰਨਾ ਆਸਾਨ ਹੋ ਜਾਵੇਗਾ, ਯਕੀਨਨ ਹੀ, ਕਿਉਂਕਿ ਉਹ ਹੀ ਅਨੰਤ ਜੀਵਨ ਮੇਰੇ ਕੋਲ ਹੈ ਜੋ ਉਸ ਕੋਲ ਹੋਵੇਗਾ ਜੋ ਆਦਮੀ ਪੁਲਪਿਟ ਤੇ ਹੈ। ਮੈਂ ਉਸਦਾ ਬਿਲਕੁਲ ਉਸੇ ਤਰ੍ਹਾਂ ਹੀ ਹਿੱਸਾ ਹਾਂ ਜਿਸ ਤਰ੍ਹਾਂ ਕਿ ਉਹ ਹਿੱਸਾ ਹੈ। ਮੈਂ ਵੀ ਉਸੇ ਸਵਰਗ ਨੂੰ ਜਾਵਾਂਗਾ, ਮੇਰੇ ਕੋਲ ਵੀ ਉਹ ਹੀ ਅਧਿਕਾਰ ਹੋਣਗੇ। ਮੇਰੇ ਲਈ ਇਹ ਕਿੰਨਾ ਸੌਖਾ ਹੋ ਜਾਵੇਗਾ ਕਿ ਮੈਂ ਉੱਥੇ ਬੈਠਾਂ ਅਤੇ ਇਹਨਾਂ ਮਾਰ ਕੁੱਟਾਂ ਨੂੰ ਨਾ ਲਵਾਂ ਅਤੇ ਚੱਲਦਾ ਰਹਾਂ। ਮੇਰੇ ਲਈ ਇਹ ਕਿੰਨਾ ਸੌਖਾ ਹੋਵੇਗਾ ਕਿ ਮੈਨੂੰ ਸਾਰੀ ਰਾਤ ਜਾਗ ਕੇ ਬਾਹਰ ਨਹੀ ਰਹਿਣਾ ਪਵੇਗਾ, ਇੱਕ ਡੇਢ ਘੰਟਾ ਜਾਂ ਦੋ ਹੀ ਘੰਟੇ ਸੌਣਾ ਨਹੀ ਪਵੇਗਾ ਅਤੇ ਸਾਰੀ ਰਾਤ ਉਹਨਾਂ ਗੱਲਾਂ ਲਈ ਜੋ ਹੋਣ ਵਾਲੀਆਂ ਹਨ, ਸਖਤ ਲੜਾਈ ਨਹੀ ਕਰਨੀ ਪਵੇਗੀ। ਮੇਰੇ ਲਈ ਇਹ ਕਰਨਾ ਕਿੰਨਾ ਸੌਖਾ ਹੋ ਜਾਵੇਗਾ, ਕਿ ਅਗਲੀ ਸਵੇਰ ਮੈਂ ਆਪਣੀ ਬੰਦੂਕ ਚੁੱਕ ਕੇ ਸ਼ਿਕਾਰ ਕਰਨ ਚਲਾ ਜਾਵਾਂ, ਜਾਂ ਆਪਣਾ ਡੰਡ ਚੁੱਕ ਕੇ ਮੱਛੀਆਂ ਫੜਨ ਚਲਾ ਜਾਵਾਂ। ਇਹ ਕਿੰਨਾ ਸੌਖਾ ਹੋਵੇਗਾ। ਪਰ

ਭਾਈ ਜੀ ਇਹ ਮੇਰੇ ਹਿੱਸੇ ਵਿਚ ਆਇਆ ਹੈ। ਖੁਦਾ ਨੇ ਮੇਰੀ ਮਦਤ ਕੀਤੀ ਹੈ ਕਿ ਮੈਂ ਆਪਣੇ ਕੰਮ ਕਰਨ ਦੀ ਚੌਂਕੀ ਤੋਂ ਕਦੇ ਦੂਰ ਨਾ ਜਾਵਾਂ, ਪਰ ਸੱਚਾ ਅਤੇ ਵਫ਼ਾਦਾਰ ਬਣਿਆ ਰਹਾਂ, ਅਤੇ ਤੁਹਾਡੇ ਲਈ ਸਮਝਦਾਰ ਮਨੁੱਖ ਦੀ ਛਾਨਣੀ ਉਤਪਨ ਕਰਾਂ ਜਿਹੜੀ ਤੁਹਾਨੂੰ ਪਵਿੱਤਰ ਮਨੁੱਖ ਦਾ ਸਵਾਦ ਦੇਵੇਗੀ।

188 ਸਮਝਦਾਰ ਮਨੁੱਖ ਦੀ ਛਾਨਣੀ ਤਾਂ ਵੱਖਰੇ ਕਰਨ ਵਾਲਾ ਜਲ ਹੈ। ਇਹ ਪਾਪਾਂ ਤੋਂ ਸ਼ੁਧੀਕਰਨ ਹੈ ਜੋ ਕਿ ਖੁਦਾ ਦਾ ਵਚਨ ਹੈ। ਅਤੇ ਸਮਝਦਾਰ ਮਨੁੱਖ ਉਹ ਮਨੁੱਖ ਹੈ ਜੋ ਇਹ ਜਾਣਦਾ ਹੈ ਕਿ ਉਸਨੇ ਪ੍ਰਮੇਸ਼ਵਰ ਦੇ ਸਾਹਮਣੇ ਖੜ੍ਹੇ ਹੋਣਾ ਹੈ, ਜਾਣਦਾ ਹੈ ਕਿ ਉਸ ਨੂੰ ਬਾਈਬਲ ਦੇ ਹਰ ਇੱਕ ਵਚਨ ਲਈ ਜਵਾਬ ਦੇਣਾ ਪਵੇਗਾ, ਇਹ ਤੁਹਾਡੇ ਉਸ ਸਵਾਦ ਨੂੰ ਸੰਤੁਸ਼ਟ ਕਰੇਗਾ ਜਿਹੜਾ ਤੁਹਾਡੇ ਦਿਲ ਵਿਚ ਹੈ। ਇਸ ਨੂੰ ਕਬੂਲ ਕਰਨ ਲਈ ਖੁਦਾ ਸਾਡੀ ਮਦਤ ਕਰੇ, ਜਦ ਕਿ ਅਸੀਂ ਸਿਰਾਂ ਨੂੰ ਝੁਕਾਉਂਦੇ ਹਾਂ।

189 ਪਿਆਰੇ ਖੁਦਾ, ਇੱਕ ਜਾਂ ਦੋ ਘੰਟੇ ਹੋਰ ਬੀਤ ਗਏ ਹਨ। ਘੜੀ ਹੁਣ ਚੱਕਰ ਕੱਟ ਰਹੀ ਹੈ। ਸੰਦੇਸ਼ ਹੁਣ ਇਤਿਹਾਸ ਵਿਚ ਚਲਾ ਗਿਆ ਹੈ ਅਤੇ ਇਹ ਪੋਥੀ ਵਿਚ ਦਰਜ ਹੋ ਗਿਆ ਹੈ। ਸਾਨੂੰ ਹੁਣ ਸਾਰਿਆਂ ਨੂੰ ਆਪਣੇ ਹਰ ਇੱਕ ਵਿਵਹਾਰ ਦਾ, ਹਰ ਇੱਕ ਉਸ ਗੱਲ ਦਾ ਜਿਹੜੀ ਅਸੀਂ ਕੀਤੀ ਹੈ, ਹਰ ਇੱਕ ਉਹ ਸੋਚ ਜਿਹੜੀ ਸਾਡੇ ਦਿਮਾਗ ਵਿਚੋਂ ਨਿਕਲੀ ਹੈ, ਦਾ ਜਵਾਬ ਦੇਣਾ ਪਵੇਗਾ, ਰਿਕਾਡ ਹਾਲੇ ਵੀ ਚੱਲ ਰਿਹਾ ਹੈ। ਅਤੇ ਇਹ ਤਦ ਤੱਕ ਚਲਦਾ ਰਹੇਗਾ ਜਦ ਤੱਕ ਜੀਵਨ ਖਤਮ ਨਹੀ ਹੋ ਜਾਂਦਾ ਹੈ ਅਤੇ ਫਿਰ ਅਸੀਂ ਨਿਆਂ ਦੇ ਦਿਨ ਜਵਾਬ ਦੇਵਾਂਗੇ।

190 ਹੇ ਖੁਦਾ, ਧਰਤੀ ਅਤੇ ਸਵਰਗ ਦੇ ਮਹਾਨ ਰਚਨਹਾਰ, ਜਿਹਦੇ ਤੇ ਅਸੀਂ ਨਿਹਚਾ ਕਰਦੇ ਹਾਂ, ਮੈਂ ਇਸ ਦਿਨ ਦੇ ਲੋਕਾਂ ਲਈ ਦੁਆ ਕਰਦਾ ਹਾਂ। ਮੈਂ ਉਹਨਾਂ ਦੇ ਨਾਲ ਆਪਣੇ ਲਈ ਵੀ ਦੁਆ ਕਰਦਾ ਹਾਂ ਕਿ ਪ੍ਰਭੂ ਯਿਸੂ ਤੂੰ ਆਪਣੀ ਛਾਨਣੀ ਲਗਾਈ ਰੱਖੇਂਗਾ। ਅਤੇ ਪ੍ਰਭੂ, ਜੇ ਮੈਂ ਕੁਝ ਅਪਵਿੱਤਰ ਕਹਿ ਰਿਹਾ ਹਾਂ, ਮੈਂ... ਆਪਣੇ ਦਿਲ ਵਿਚ ਮੈਨੂੰ ਇਸਦਾ ਪਤਾ ਨਹੀ ਹੈ। ਮੈਂ ਦੁਆ ਕਰਦਾ ਹਾਂ ਕਿ ਜੇ ਮੇਰੇ ਲਈ ਇਹ ਚੰਗਾ ਨਹੀ ਹੈ ਕਿ ਮੈਂ ਤੇਰਾ ਵਚਨ ਲੈ ਕੇ ਇਸ ਤਰ੍ਹਾਂ ਦੀਆਂ ਗੱਲਾਂ ਇਸਤੇਮਾਲ ਕਰਾਂ ਤਾਂ ਤੂੰ ਇਸ ਲਈ ਮੈਨੂੰ ਮਾਫ਼ ਕਰ ਦੇਹ।

191 ਪ੍ਰੰਤੂ, ਪ੍ਰਭੂ, ਮੈਂ ਸੋਚਿਆ ਜਦ ਤੂੰ ਮੇਰੇ ਨਾਲ ਜੰਗਲ ਵਿਚ ਗੱਲ ਕੀਤੀ ਤਾਂ ਤੂੰ ਜਾਣਦਾ ਹੈਂ ਕਿ ਮੈਂ ਇਸਨੂੰ ਸਵੇਰ ਤੱਕ ਆਪਣੇ ਦਿਮਾਗ ਵਿਚੋਂ ਬਾਹਰ ਨਾ ਕੱਢ ਸਕਿਆ। ਮੈਂ ਇਸਨੂੰ ਇਹ ਤੇਰੇ ਵਲੋਂ ਆ ਰਿਹਾ ਹੈ ਕਰਕੇ ਕਬੂਲ ਕੀਤਾ। ਇਸ ਲਈ, ਪਿਤਾ ਪ੍ਰਮੇਸ਼ਵਰ, ਮੈਂ ਇਸਨੂੰ ਬੋਲ ਦਿੱਤਾ ਹੈ। ਅਤੇ ਪ੍ਰਮੇਸ਼ਵਰ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਇਸਨੂੰ ਉਸੇ ਢੰਗ ਨਾਲ ਰਹਿਣ ਦੇਵੇਂਗਾ ਜਿਸ ਤਰ੍ਹਾਂ ਮੈਂ ਸੋਚਦਾ ਹਾਂ ਕਿ ਇਹ ਰਹੇ। ਕਿ ਸਮਝਦਾਰ ਆਦਮੀ, ਜੇ ਆਦਮੀ ਦੇ

ਕੋਲ ਥੋੜੀ ਜਿਹੀ ਵੀ ਸਮਝ ਹੈ ਤਾਂ ਉਸਨੂੰ ਪਤਾ ਲੱਗ ਕਿ ਉਸਨੇ ਪ੍ਰਮੇਸ਼ਵਰ ਦੀ ਹਜੂਰੀ ਵਿਚ ਖੜ੍ਹੇ ਹੋਣਾ ਹੈ ਅਤੇ ਉਸਨੇ ਆਪੇ ਪ੍ਰਾਣ ਵਿਚ ਅਜਿਹਾ ਕੁਝ ਵੀ ਨਹੀ ਲੈਣਾ ਹੈ ਜੋ ਦੂਸ਼ਿਤ ਹੈ ਜਾਂ ਖੁਦਾ ਦੇ ਵਚਨ ਦੇ ਵਿਰੁਧ ਹੈ।

192 ਅਤੇ, ਪਿਤਾ, ਅਸੀਂ ਮਹਿਸੂਸ ਕਰਦੇ ਹਾਂ, ਜਿਵੇਂ ਕਿ ਮੈਂ ਇਸੀ ਤੁਲਨਾ ਅੱਜ ਦੀਆਂ ਇਨ੍ਹਾਂ ਜੱਥੇਬੰਦੀਆਂ ਨਾਲ ਕੀਤੀ ਹੈ; ਪ੍ਰਭੂ, ਇਹ ਵਖਰੇ ਬਣਨ ਲਈ ਨਹੀ ਹੈ। ਕਿਸੇ ਦਿਨ ਤੂੰ ਮੇਰੇ ਦਿਲ ਵਿਚੋਂ, ਮੇਰਾ ਨਿਆਂ, ਕਰੇਂਗਾ। ਅਤੇ ਪ੍ਰਮੇਸ਼ਵਰ, ਮੈਂ ਦੁਆ ਕਰਦਾ ਹਾਂ, ਕਿ ਤੂੰ ਇਹ ਵੇਖੇਂਗਾ ਕਿ ਇਹ ਵਖਰਾ ਬਣਨ ਲਈ ਨਹੀ ਕੀਤਾ ਗਿਆ ਸੀ, ਪਰ ਇਹ ਇਮਾਨਦਾਰ ਬਣੇ ਰਹਿਣ ਦੇ ਲਈ, ਗੰਭੀਰ ਬਣਨ ਦੀ ਕੋਸ਼ਿਸ਼ ਕਰਨ ਲਈ ਕੀਤਾ ਗਿਆ ਸੀ, ਇਹ ਮਹਿਸੂਸ ਕਰਦੇ ਹੋਏ, ਕਿ ਮੈਂ ਤੇਰੇ ਲਹੂ ਦੇ ਮੁੱਲ ਨੂੰ ਠੀਕ ਇਸ ਸਮੇਂ ਆਪਣੇ ਹੱਥ ਵਿਚ, ਇੱਕ ਤੱਟ ਤੋਂ ਦੂਸਰੇ ਤੱਟ ਤੱਕ ਫੜ੍ਹਿਆ ਹੋਇਆ ਹੈ। ਅਤੇ ਉਹਨਾਂ ਵਿਚੋਂ ਬਹੁਤਿਆਂ ਨੇ ਪ੍ਰਚਾਰ ਦਾ ਵਿਸ਼ਵਾਸ ਕੀਤਾ ਹੈ।

193 ਅਤੇ, ਸੁਰਗ ਦੇ ਪ੍ਰਮੇਸ਼ਵਰ, ਹੋਣ ਦੇ ਕਿ ਉਹਨਾਂ ਵਿਚੋਂ ਇੱਕ ਵੀ ਨਾਸ਼ ਨਾ ਹੋਵੇ। ਮੈਂ ਉਹਨਾਂ ਵਿਚੋਂ, ਹਰ ਇੱਕ ਦਾ ਦਾਅਵਾ ਕਰਦਾ ਹਾਂ, ਅਤੇ ਉਹਨਾਂ ਨੂੰ ਉਸ ਛਾਨਣੀ ਦੇ ਅੱਗੇ ਲੈ ਕੇ ਆਉਂਦਾ ਹਾਂ...ਵੱਖਰਾ ਕਰਨ ਵਾਲਾ ਜਲ, ਯਿਸੂ ਮਸੀਹ ਦੇ ਲਹੂ ਦੇ ਸਾਹਮਣੇ ਲਿਆਉਂਦਾ ਹਾਂ ਜੋ ਵਚਨ ਦੇਹਧਾਰੀ ਹੋਇਆ ਸੀ। ਪ੍ਰਭੂ, ਇਹ ਬਖਸ਼ ਦੇਹ। ਹੋਣ ਦੇਹ ਕਿ ਪਵਿੱਤਰ ਆਤਮਾ ਹਰ ਇੱਕ ਵਾਦੇ ਵਿੱਚ ਦੀ, ਪ੍ਰਾਣਾ ਵਿਚ ਉਡੇਲਿਆ ਜਾਵੇ। ਹੋਣ ਦੇ ਕਿ ਅਸੀਂ ਯਿਸੂ ਮਸੀਹ ਦੀ ਲਾੜੀ ਦੇ ਜਿਉਂਦੇ ਪ੍ਰਤੀਨਿਧੀ ਹੋਈਏ, ਇਸ ਅੱਖਾਂ ਦੇ ਸਮੇਂ ਵਿਚ, ਸੰਝ ਦੇ ਉਜਾਲੇ ਵਿੱਚ ਵੇਖ ਰਹੇ ਹਾਂ ਕਿਉਂਕਿ ਅਸੀਂ ਇਸਨੂੰ ਯਿਸੂ ਮਸੀਹ ਦੇ ਨਾਮ ਵਿਚ ਤੇਰੇ ਅੱਗੇ ਪੇਸ਼ ਕਰਦੇ ਹਾਂ। ਅਮੀਨ।

194 ਤੁਸੀਂ ਉਸ ਨਾਲ ਪਿਆਰ ਕਰਦੇ ਹੋ? [ਸੰਗਤ ਆਖਦੀ ਹੈ, "ਅਮੀਨ"—ਸੰਪਾ] ਤੁਸੀਂ ਇਹਦਾ ਵਿਸ਼ਵਾਸ ਕਰਦੇ ਹੋ? ["ਆਮੀਨ"] ਮੈਂ, ਜੇ ਮੈਂ "ਸਮਝਦਾਰ ਮਨੁੱਖ ਦੀ ਛਾਨਣੀ" ਕਹਿਣ ਦੁਆਰਾ, ਕੁਝ ਗਲਤ ਕਿਹਾ ਹੈ ਤਾਂ, ਮੈਂ ਹੋਰ ਕੁਝ ਨਹੀ ਕਹਿ ਸਕਦਾ ਹਾਂ। ਮੈਂ ਪੜ੍ਹਿਆ ਲਿਖਿਆ ਨਹੀ ਹਾਂ। ਮੈਂ ਤਾਂ ਬਸ ਉਹ ਹੀ ਕਹਿਣਾ ਹੈ ਜੋ ਮੇਰੇ ਕੋਲ ਆਉਂਦਾ ਹੈ। ਅਤੇ ਜਦ ਮੈਂ ਉਸਨੂੰ ਉੱਥੇ ਪਿਆ ਵੇਖਿਆ ਸੀ, ਤਾਂ ਮੈਂ ਸੋਚਿਆ ਕਿ, "ਪਖੰਡ ਦੀ ਕੀ ਕਤਾਰ ਹੈ!"

ਅਤੇ ਕਿਸੇ ਨੇ ਕਿਹਾ, "ਚਰਚ ਵਾਂਗੂ"।

195 ਇੱਕ ਸਮਝਦਾਰ ਮਨੁੱਖ ਦੀ ਛਾਨਣੀ! ਹੇ, ਮੇਰੇ ਖੁਦਾ! ਇਸ ਦੇ ਬਾਰੇ ਵਿਚ ਇਸ ਤੋਂ ਵੱਧ ਹੋਰ ਸਮਝਦਾਰ ਮਨੁੱਖ ਇਸਨੂੰ ਬਿਲਕੁਲ ਵੀ ਨਹੀ ਲਵੇਗਾ। ਸਮਝੇ? ਬਿਲਕੁਲ ਨਹੀ। ਅਤੇ ਸਿਗਰੇਟ ਪੀਣ ਵਾਲੇ ਦਾ ਸਵਾਦ ਸਿਗਰੇਟ

ਪੀਣ ਦੀ ਇਛਾ ਕਰਦਾ ਹੈ, ਕਿਉਂਕਿ ਉਸਨੇ ਆਪਣੇ ਸਵਾਦ ਨੂੰ ਸੰਤੁਸ਼ਟ ਕਰਨਾ ਹੁੰਦਾ ਹੈ। ਪਰ ਇੱਕ ਸਚਾ, ਸਮਝਦਾਰ ਮਨੁੱਖ ਜੋ ਇਹ ਜਾਣਦਾ ਹੈ ਕਿ ਉਸਦਾ ਪ੍ਰਾਣ ਨਿਆਂ ਵਿਚ ਜਾ ਰਿਹਾ ਹੈ, ਉਹ ਆਪਣੇ ਸਵਾਦ ਨੂੰ ਵਚਨ ਦੀ ਛਾਨਣੀ ਵਿਚ ਦੀ ਛਾਣੇਗਾ। "ਕਿਉਂਕਿ ਜਿੰਨਿਆਂ ਨੂੰ ਪਿਤਾ ਨੇ ਮੈਨੂੰ ਦਿੱਤਾ ਹੈ ਉਹ ਮੇਰੇ ਕੋਲ ਆਉਣਗੇ।" ਅਤੇ ਉਹ ਪ੍ਰਮੇਸ਼ਵਰ ਦੇ ਮੂੰਹ ਵਿਚੋਂ ਨਿਕਲਣ ਵਾਲੇ ਹਰ ਇੱਕ ਵਚਨ ਨਾਲ ਜਿਉਂਦਾ ਰਹੇਗਾ, ਜੋ ਕਿ ਵੱਖਰਾ ਕਰਨ ਵਾਲਾ ਜਲ ਹੈ, ਜੋ ਸਾਨੂੰ ਪਾਪਾਂ ਤੋਂ ਵੱਖਰਾ ਕਰਦਾ ਹੈ। ਕਿਉਂਕਿ, ਜਦ ਇਹ ਵਚਨ ਰਾਹੀਂ ਆਉਂਦਾ ਹੈ, ਅਤੇ ਅਸੀਂ ਵੇਖਦੇ ਹਾਂ ਕਿ ਵਚਨ ਤੇ ਬੇਪ੍ਰਤੀਤੀ ਕਰਨਾ ਹੀ ਪਾਪ ਹੈ, ਇਸ ਲਈ ਅਸੀਂ ਬਸ ਇਸ ਤੇ ਪ੍ਰਤੀਤ ਕਰਦੇ ਹਾਂ ਅਤੇ ਅੱਗੇ ਵਧਦੇ ਹਾਂ। ਇਹ ਪਾਪ ਤੋਂ ਵੱਖਰਾ ਹੋਣਾ ਹੈ। ਤੁਸੀਂ ਉਸਦੇ ਨਾਲ ਪਿਆਰ ਕਰਦੇ ਹੋ? [ਸੰਗਤ ਆਖਦੀ ਹੈ, "ਅਮੀਨ"—ਸੰਪਾ]

ਮੈਂ ਉਸ ਨਾਲ ਪਿਆਰ ਕਰਦਾ ਹਾਂ...ਮੈਂ ਉਸ ਨਾਲ...

ਹੁਣ ਆਓ ਅਸੀਂ ਆਪਣੇ ਹੱਥਾਂ ਨੂੰ ਉਸ ਵੱਲ ਉੱਚੇ ਚੁੱਕੀਏ ।

ਕਿਉਂਕਿ ਉਸਨੇ ਪਹਿਲਾਂ ਮੇਰੇ ਨਾਲ ਪਿਆਰ ਕੀਤਾ
ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ ਰੁੱਖ ਉੱਤੇ ਖਰੀਦਿਆ।

196 ਉਸਨੇ ਕੀ ਕਿਹਾ ਸੀ? "ਜਦ ਤੁਸੀਂ ਇੱਕ ਦੂਸਰੇ ਨਾਲ ਪਿਆਰ ਕਰੋਗੇ, ਤਾਂ ਇਸ ਤੋਂ ਸਭ ਲੋਕ ਜਾਨਣਗੇ, ਕਿ ਤੁਸੀਂ ਮੇਰੇ ਚੇਲੇ ਹੋ।" ਹੁਣ ਜਦ ਅਸੀਂ ਇਸਨੂੰ ਦੁਬਾਰਾ ਗਾਉਂਦੇ ਹਾਂ, ਆਓ ਕਿਸੇ ਨਾਲ ਹੱਥ ਮਿਲਾਈਏ, ਅਤੇ ਕਹੀਏ, "ਭਾਈ ਜੀ, ਮੈਂ ਤੁਹਾਡੇ ਨਾਲ ਵੀ ਪਿਆਰ ਕਰਦਾ ਹਾਂ।"

ਮੈਂ ਉਸ ਨਾਲ ਪਿਆਰ ਕਰਦਾ ਹਾਂ...ਮੈਂ (ਇਹ ਤੁਹਾਨੂੰ ਦੱਸਣ ਲਈ ਹੈ...)
...ਉਸ ਨੇ ਪਹਿਲਾਂ ਮੇਰੇ ਨਾਲ ਪਿਆਰ ਕੀਤਾ
ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ
ਰੁੱਖ ਉੱਤੇ ਖਰੀਦਿਆ।

197 ਹੁਣ, ਤੁਸੀਂ ਸਮਝਦਾਰ ਮਨੁੱਖ ਦੀ ਛਾਨਣੀ ਪਸੰਦ ਕਰਦੇ ਹੋ? [ਸੰਗਤ ਆਖਦੀ ਹੈ, "ਆਮੀਨ"—ਸੰਪਾ] ਭਾਈਓ, ਭੈਣੋ, ਜਦ ਕੱਲ ਤੁਸੀਂ ਗਲੀ ਵਿਚ ਦੁਨੀਆਂ ਨਾਲ ਚੱਲਦੇ ਹੋ ਤਾਂ, ਕੀ ਤੁਹਾਡੇ ਕੋਲ ਸਮਝਦਾਰ ਆਦਮੀ ਦੀ ਛਾਨਣੀ ਹੈ? ਜਦ ਉਹ ਆਦਮੀ ਤੁਹਾਨੂੰ ਪਵਿੱਤਰ ਪਖੰਡੀ ਕਹਿੰਦਾ ਹੈ, ਤਾਂ ਕੀ ਤੁਸੀਂ ਸਮਝਦਾਰ ਮਨੁੱਖ ਦੀ ਛਾਨਣੀ ਇਸਤੇਮਾਲ ਕਰਦੇ ਹੋ? ਜਦ ਕੋਈ ਆਦਮੀ ਤੁਹਾਡੇ ਵਿਰੁਧ ਬੁਰੀਆਂ ਗੱਲਾਂ ਕਰਦਾ ਹੈ ਤਾਂ ਕੀ ਤੁਹਾਡੇ ਕੋਲ ਸਮਝਦਾਰ

ਮਨੁੱਖ ਦੀ ਛਾਨਣੀ ਹੁੰਦੀ ਹੈ? ਵੇਖੋ, ਬੁਰਿਆਈ ਦੇ ਵੱਟੇ ਭਲਿਆਈ ਕਰੋ। ਤੁਸੀਂ ਉਹਨਾਂ ਲਈ ਦੁਆ ਕਰੋ, ਜਿਹੜੇ ਤੁਹਾਡੇ ਨਾਲ ਈਰਖਾ ਕਰਦੇ ਹਨ, ਅਤੇ ਜਿਹੜੇ ਤੁਹਾਨੂੰ ਸਤਾਉਂਦੇ ਹਨ, ਤਾਂ ਤੁਸੀਂ ਸਮਝਦਾਰ ਮਨੁੱਖ ਦੀ ਛਾਨਣੀ ਵਿਚ ਦੀ ਸਾਹ ਲੈ ਰਹੇ ਹੋ।

198 ਕਿਉਂਕਿ ਜੇ ਤੁਸੀਂ ਉਹਨਾਂ ਨਾਲ ਹੀ ਪਿਆਰ ਕਰੋ ਜਿਹੜੇ ਤੁਹਾਡੇ ਨਾਲ ਪਿਆਰ ਕਰਦੇ ਹਨ, ਜਿਵੇਂ ਕਿ ਅਸੀਂ ਇੱਕ ਦੂਜੇ ਨਾਲ ਹੱਥ ਮਿਲਾਉਂਦੇ ਹਾਂ, ਜਿਹੜੇ ਕਿ ਪ੍ਰਭੂ ਵਿਚ ਸਾਡੇ ਨਾਲ ਬਹੁਤ ਪਿਆਰੇ ਹਨ, ਇਹ ਚੰਗਾ ਹੈ ਪਰ ਕੀ ਤੁਸੀਂ ਉਹਨਾਂ ਨਾਲ ਵੀ ਪਿਆਰ ਕਰ ਸਕਦੇ ਹੋ ਜੋ ਤੁਹਾਨੂੰ ਪਿਆਰ ਨਹੀ ਕਰਦੇ ਹਨ? ਇਹ ਹੀ ਸਮਝਦਾਰ ਮਨੁੱਖ ਦੀ ਛਾਨਣੀ ਹੈ। ਇਹ ਮਸੀਹ ਦਾ ਆਤਮਾ ਤੁਹਾਡੇ ਵਿਚ ਹੁੰਦਾ ਹੈ, ਕਿ ਤੁਸੀਂ ਉਹਨਾਂ ਨਾਲ ਪਿਆਰ ਕਰੋ ਜਿਹੜੇ ਤੁਹਾਡੇ ਨਾਲ ਪਿਆਰ ਨਹੀ ਕਰਦੇ ਹਨ, ਫਿਰ ਤੁਹਾਨੂੰ ਖੁਦਾ ਦਾ ਫਲ ਮਿਲਦਾ ਹੈ। ਹੁਣ, ਜੇ ਤੁਸੀਂ ਇਹਨੂੰ ਇੱਕ ਡਿਉਟੀ ਸਮਝ ਕੇ ਕਰਦੇ ਹੋ ਤਾਂ ਫਿਰ ਤੁਹਾਡੇ ਕੋਲ ਹਾਲੇ ਵੀ ਸਮਝਦਾਰ ਮਨੁੱਖ ਦੀ ਛਾਨਣੀ ਨਹੀ ਹੈ...ਤੁਸੀਂ ਬਸ ਦੂਸਰੇ ਚੱਕਰ ਵਿਚ ਹੀ ਹੋ। ਪਰ ਜੇ ਤੁਸੀਂ ਆਪਣੇ ਦਿਲ ਤੋਂ ਸਚ—ਮੁਚ ਪਿਆਰ ਕਰਦੇ ਹੋ, ਤਾਂ ਤੁਸੀਂ ਸਮਝਦਾਰ ਆਦਮੀ ਦੀ ਛਾਨਣੀ ਵਿਚ ਦੀ ਸਾਹ ਲੈ ਰਹੇ ਹੋ। ਅਤੇ ਇਹ ਪਵਿੱਤਰ ਆਦਮੀ ਦੇ ਸਵਾਦ ਨੂੰ ਸੰਤੁਸ਼ਟ ਕਰਦਾ ਹੈ, ਜੇ ਤੁਸੀਂ ਜਾਣਦੇ ਹੋ, ਅਤੇ ਆਪਣੇ ਦਿਲ ਤੋਂ ਸਾਰਿਆਂ ਨੂੰ, ਸਭ ਕੁਝ ਮਾਫ਼ ਕਰ ਦਿੰਦੇ ਹੋ, ਕੋਈ ਗੱਲ ਨਹੀ ਕਿ ਕੀ ਹੋਇਆ ਸੀ। ਕੀ ਉਹ ਅਚਰਜ ਨਹੀ ਹੈ?

...ਪਹਿਲਾਂ ਮੇਰੇ ਨਾਲ ਪਿਆਰ ਕੀਤਾ
ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ
ਰੁੱਖ ਉੱਤੇ ਖਰੀਦਿਆ।

ਅਸੀਂ ਚਾਨਣ ਵਿੱਚ ਚੱਲਾਂਗੇ, ਸੁੰਦਰ ਚਾਨਣ ਵਿਚ,
ਇਹ ਉੱਥੇ ਆਉਂਦਾ ਹੈ ਜਿੱਥੇ ਕਿਰਪਾ ਦੀਆਂ ਉਜਵਲ
ਬੂੰਦਾਂ ਹਨ;
ਰਾਤ ਅਤੇ ਦਿਨ ਸਾਡੇ ਆਲੇ ਦੁਆਲੇ ਚਮਕਦੀਆਂ ਹਨ,
ਯਿਸੂ, ਜਗਤ ਦਾ ਚਾਨਣ ਹੈ।

ਅਸੀਂ ਇਸ ਚਾਨਣ ਵਿੱਚ ਚੱਲਾਂਗੇ, ਇਹ ਇੱਕ ਸੁੰਦਰ
ਚਾਨਣ ਹੈ;
ਇਹ ਉੱਥੋਂ ਆਉਂਦਾ ਹੈ ਜਿੱਥੇ ਕਿਰਪਾ ਦੀਆਂ ਉਜਵਲ
ਬੂੰਦਾਂ ਹਨ;

ਓਹ, ਰਾਤ ਅਤੇ ਦਿਨ ਸਾਡੇ ਆਲੇ ਦੁਆਲੇ ਚਮਕਦੀਆਂ ਹਨ,
ਯਿਸੂ, ਜਗਤ ਦਾ ਚਾਨਣ ਹੈ।

ਆਓ ਸਾਰੇ ਚਾਨਣ ਦੇ ਸੰਤੋ, ਦਾਅਵਾ ਕਰੋ
ਯਿਸੂ ਜਗਤ ਦਾ ਚਾਨਣ ਹੈ;
ਫਿਰ ਸਵਰਗ ਦੀਆਂ ਘੰਟੀਆਂ ਵੱਜਣਗੀਆਂ
ਯਿਸੂ ਜਗਤ ਦਾ ਚਾਨਣ ਹੈ।

ਔਹ, ਅਸੀਂ ਚਾਨਣ ਵਿੱਚ ਚੱਲਾਂਗੇ, ਇਹ ਇੱਕ ਸੁੰਦਰਚਾਨਣ ਹੈ;
ਇਹ ਉੱਥੋਂ ਆਉਂਦਾ ਹੈ ਜਿੱਥੇ ਕਿਰਪਾ ਦੀਆਂ ਉਜਵਲ ਬੂੰਦਾਂ ਹਨ;
ਔਹ, ਰਾਤ ਅਤੇ ਦਿਨ ਸਾਡੇ ਆਲੇ ਦੁਆਲੇ ਚਮਕਦੀਆਂ ਹਨ,
ਯਿਸੂ ਜਗਤ ਦਾ ਚਾਨਣ ਹੈ।

ਤੁਸੀਂ ਪਿਆਰ ਕਰਦੇ ਹੋ? [ਸੰਗਤ ਆਖਦੀ ਹੈ, "ਅਮੀਨ"—ਸੰਪਾ]

ਔਹ, ਅਸੀਂ ਇਸ ਚਾਨਣ ਵਿੱਚ ਚੱਲਾਂਗੇ, ਇਹ ਇੱਕ ਸੁੰਦਰ ਚਾਨਣ ਹੈ;
ਇਹ ਉੱਥੋਂ ਆਉਂਦਾ ਹੈ ਜਿੱਥੇ ਕਿਰਪਾ ਦੀਆਂ ਉਜਵਲਬੂੰਦਾਂ ਹਨ;
ਰਾਤ ਅਤੇ ਦਿਨ ਸਾਡੇ ਆਲੇ ਦੁਆਲੇ ਚਮਕਦੀਆਂ ਹਨ,
ਯਿਸੂ ਜਗਤ ਦਾ ਚਾਨਣ ਹੈ।

ਮੈਂ ਬਸ ਇਹਨੂੰ ਪਿਆਰ ਕਰਦਾ ਹਾਂ।

ਮੇਰਾ ਵਿਸ਼ਵਾਸ ਤੇਰੇ ਵੱਲ ਵੇਖਦਾ ਹੈ,
ਤੈਨੂੰ ਕਲਵਰੀ ਦੇ ਲੇਲੇ ਨੂੰ,
ਹੇ, ਰੱਬੀ ਮੁਕਤੀਦਾਤੇ;
ਹੁਣ ਮੇਰੀ ਸੁਣ, ਜਦ ਮੈਂ ਦੁਆ ਕਰਦਾ ਹਾਂ,
ਮੇਰੇ ਸਾਰੇ ਪਾਪਾਂ ਨੂੰ ਮਾਫ਼ ਕਰਨਾ...। (ਪ੍ਰਭੂ, ਆਪਣੇ ਵਚਨ ਰਾਹੀਂ ਮੈਨੂੰ ਛਾਣ)
ਅੱਜ ਤੋਂ ਹੀ ਮੈਨੂੰ ਸੰਪੂਰਨ ਤੌਰ ਤੇ
ਤੇਰਾ ਹੋਣ ਦੇਹ!

ਜਰਾ ਇਹਦੇ ਬਾਰੇ ਵਿੱਚ ਸੋਚੋ, ਵਚਨ ਰਾਹੀਂ ਛਾਣ ਹੋਣਾ, "ਸੰਪੂਰਨ ਤੌਰ ਤੇ ਤੇਰਾ ਹੋਣਾ।"

ਜਦਕਿ ਮੈਂ ਜਿੰਦਗੀ ਦੇ ਹਨੇਰੇ ਰਾਹ ਤੇ ਚੱਲਦਾ ਹਾਂ,
ਅਤੇ ਮੇਰੇ ਆਲੇ ਦੁਆਲੇ ਦੁੱਖ ਹੀ ਦੁੱਖ ਹਨ,
ਤੂੰ ਮੇਰੀ ਅਗੁਵਾਈ ਕਰਨ ਵਾਲਾ ਬਣ;
ਹਨੇਰੇ ਨੂੰ ਹੁਕਮ ਦੇਹ ਕਿ ਉਹ ਦਿਨ ਬਣ ਜਾਵੇ,
ਦੁੱਖਾਂ ਦੇ ਡਰ ਨੂੰ ਪੂੰਝ ਕੇ ਹਟਾ ਦੇਹ
ਮੈਨੂੰ ਆਪਣੇ ਕੋਲੋਂ
ਕਦੇ ਲਾਂਭੇ ਨਾ ਹੋਣ ਦੇਹ।

[ਭਾਈ ਬ੍ਰਾਨਹਮ ਗੁਨਗੁਨਾਣਾ ਸ਼ੁਰੂ ਕਰਦੇ ਹਨ *ਮੇਰਾ ਵਿਸ਼ਵਾਸ ਤੇਰੇ ਵੱਲ ਵੇਖਦਾ ਹੈ*-ਸੰਪਾ]

...ਮੇਰੇ ਕਮਜੋਰ ਦਿਲ ਨੂੰ,
ਮੇਰੀ ਅਣਖ ਨੂੰ ਵਧਾ;
ਓਹ ਹਨੇਰੇ ਨੂੰ ਹੁਕਮ ਦੇਹ ਕਿ ਉਹ ਦਿਨ ਬਣ ਜਾਵੇ,
ਡਰ ਅਤੇ ਦੁੱਖਾਂ ਨੂੰ ਪੂੰਝ ਕੇ ਹਟਾ ਦੇਹ,
ਅੱਜ ਤੋਂ ਹੀ ਮੈਨੂੰ ਸੰਪੂਰਨ ਤੌਰ ਤੇ
ਤੇਰਾ ਹੋਣ ਦੇਹ!

199 ਪਿਆਰੇ ਖੁਦਾ, ਅਸੀਂ ਤੇਰੇ ਲਈ ਗਾਉਣ ਨੂੰ ਪਿਆਰ ਕਰਦੇ ਹਾਂ, ਕਿਉਂਕਿ ਇਸਦੇ ਰਾਹੀਂ ਅਸੀਂ, ਸਾਰੀ ਸੰਗਤ ਆਪਣੇ ਜਜਬਾਤ, ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਹਾਂ, ਜਦ ਤੂੰ ਸਾਡੇ ਉੱਤੇ ਆਪਣੇ ਜੀਵਨ ਦੇ ਵਚਨ ਦਾ ਸਾਹ ਫੂਕਦਾ ਹੈਂ। ਪ੍ਰਭੂ, ਅਸੀਂ ਬਹੁਤ ਧੰਨਵਾਦੀ ਹਾਂ। ਪ੍ਰਭੂ ਤੂੰ ਸਾਨੂੰ ਉਸ ਗੀਤ ਵਿਚ ਕਬੂਲ ਕਰ, ਕੀ ਤੂੰ ਕਰੇਂਗਾ, ਪ੍ਰਭੂ? ਸਾਡੀ ਇਹ ਹੀ ਇਛਾ ਹੈ ਕਿ ਅਸੀਂ ਪ੍ਰਮੇਸ਼ਵਰ ਦੇ ਵਚਨ ਵਿਚ ਛਾਣੇ ਜਾਈਏ, ਹਰ ਦਿਨ ਚਾਨਣ, ਖੁਸ਼ਖਬਰੀ ਦੇ ਚਾਨਣ ਵਿੱਚ ਚਲੀਏ।

ਅਤੇ ਹਰ ਰੋਜ ਸਾਡੇ ਮਾਰਗ ਨੂੰ ਚਾਨਣ ਨਾਲ ਭਰ
ਜਦਕਿ ਅਸੀਂ ਸਵਰਗੀ ਕਬੂਤਰ ਦੇ ਨਾਲ ਚੱਲਦੇ ਹਾਂ;
ਸਾਨੂੰ ਹਰ ਵੇਲੇ ਗੀਤ ਗਾਉਂਦੇ ਅਤੇ ਮੁਸਕਰਾਉਂਦੇ ਹੋਏ
ਚੱਲਣ ਦੇਹ
ਸਾਡੇ ਮਾਰਗ ਨੂੰ ਹਰ ਰੋਜ ਚਾਨਣ ਨਾਲ ਭਰ।

200 ਪ੍ਰਭੂ ਇਹ ਬਖਸ਼ ਦੇਹ। ਸਾਨੂੰ ਸਾਰਿਆਂ ਨੂੰ ਬਰਕਤ ਦੇਹ! ਤੇਰੀ ਦਯਾ ਕਿਰਪਾ ਸਾਡੇ ਉੱਤੇ ਬਣੀ ਰਹੀ। ਦੇਸ਼ ਵਿਚੋਂ ਸਾਰੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕਰ ਦੇਹ।

201 ਅੱਜ ਰਾਤ ਅਸੀਂ ਭਾਈ ਕੋਗਿਨਸ ਲਈ ਤੇਰੇ ਧੰਨਵਾਦੀ ਹਾਂ, ਕਿ ਤੂੰ ਉਸਨੂੰ ਹਸਪਤਾਲ ਨੂੰ ਛੱਡ ਕੇ ਚੰਗੇ ਹੋ ਕੇ ਘਰ ਜਾਣ ਦਿੱਤਾ ਹੈ। ਉਹਨਾਂ ਸਾਰੇ ਕੰਮਾਂ ਲਈ ਅਸੀਂ ਤੇਰਾ ਧੰਨਵਾਦ ਕਰਦੇ ਹਾਂ ਜਿਹੜੇ ਤੂੰ ਕੀਤੇ ਹਨ, ਅਤੇ ਆਪਣੀ ਸਾਮਰਥ ਲਈ ਜਿਹਦੇ ਬਾਰੇ ਅਸੀਂ ਮਹਿਸੂਸ ਕਰਦੇ ਹਾਂ ਕਿ ਹੁਣ ਉੱਪਰ ਉੱਠੀ ਹੈ ਅਸੀਂ ਧੰਨਵਾਦੀ ਹਾਂ।

202 ਪ੍ਰਭੂ, ਅੱਜ ਰਾਤ ਦੇ ਛੋਟੇ ਜਿਹੇ ਕੱਟਣ ਵਾਲੇ ਸੰਦੇਸ਼ ਲਈ ਅਸੀਂ ਤੇਰਾ ਧੰਨਵਾਦ ਕਰਦੇ ਹਾਂ। ਮੈਂ—ਮੈਂ ਇਸਨੂੰ ਠੀਕ ਤਰ੍ਹਾਂ ਨਹੀ ਕਰ ਸਕਿਆ ਪਰ ਮੇਰੀ ਬੇਨਤੀ ਹੈ ਕਿ ਤੂੰ ਇਸਨੂੰ ਲੋਕਾਂ ਦੀ ਨਿਗਾਹ ਵਿਚ ਠੀਕ ਕਰੇਂਗਾ ਤਾਂ ਕਿ ਉਹ ਜਾਣ ਅਤੇ ਸਮਝ ਜਾਣ ਕਿ ਇਸਦਾ ਕੀ ਮਤਲਬ ਹੈ। ਪ੍ਰਭੂ ਇਸ ਵਿਚੋਂ ਮਹਿਮਾ ਲੈ ਅਤੇ ਹੋਣ ਦੇ ਕਿ ਸਾਨੂੰ ਇਹ ਸਮਝ ਹੋਵੇ ਭਈ ਅਸੀਂ ਕਿਸੇ ਹੋਰ ਚੀਜ਼ ਨਾਲ ਨਹੀ ਬਲਕਿ ਪ੍ਰਮੇਸ਼ਵਰ ਦੇ ਵਚਨ ਦੀ ਰੋਟੀ ਨਾਲ ਜਿਹਨੂੰ ਖੁਦਾ ਨੇ ਸਿਰਫ ਆਪਣੇ ਬੱਚਿਆਂ ਲਈ ਛਾਣਿਆ ਹੈ ਜਿਉਂਦੇ ਰਹਿੰਦੇ ਹਾਂ। ਇਹ ਵੱਖਰੀ ਕੀਤੀ ਹੋਈ ਸੰਗਤੀ ਹੈ। ਇਹ ਕਿਸੇ ਹੋਰ ਲਈ ਨਹੀ ਹੈ। ਇਹ ਸਿਰਫ ਉਹਨਾਂ ਲਈ, ਤੇਰੇ ਚੁਣਿਆਂ ਹੋਇਆਂ ਲਈ ਹੈ ਜਿਸ ਤਰ੍ਹਾਂ ਕਿ ਲਾਲ ਬਛੀ ਦਾ ਵੱਖਰੇ ਕਰਨ ਵਾਲਾ ਜਲ ਸਿਰਫ ਇਸਰਾਇਲ ਦੀ ਸੰਗਤ ਲਈ ਸੀ। ਇਸ ਲਈ, ਪਿਤਾ, ਅਸੀਂ ਜਾਣਦੇ ਹਾਂ ਕਿ ਰੋਟੀ ਸਿਰਫ ਭੇਡ ਲਈ ਹੈ।

"ਇਹ ਚੰਗਾ ਨਹੀ ਭਈ ਬੱਚਿਆਂ ਦੀ ਰੋਟੀ ਨੂੰ ਕੁੱਤਿਆਂ ਮੂਹਰੇ ਪਾਇਆ ਜਾਵੇ," ਯਿਸੂ ਨੇ ਕਿਹਾ।

ਅਤੇ ਔਰਤ ਨੇ, ਜਵਾਬ ਵਿਚ, ਕਿਹਾ ਸੀ, "ਹਾਂ, ਪ੍ਰਭੂ, ਇਹ ਸਚ ਹੈ, ਪਰ ਮੈਂ ਟੁਕੜੇ ਲੈਣ ਲਈ ਤਿਆਰ ਹਾਂ।"

ਅਤੇ ਪ੍ਰਭੂ, ਅੱਜ ਰਾਤ ਅਸੀਂ ਇਸੇ ਤਰ੍ਹਾਂ ਮਹਿਸੂਸ ਕਰਦੇ ਹਨ। ਪਿਤਾ, ਅਸੀਂ ਇਹ ਸਭ ਲੈਣਾ ਚਾਹੁੰਦੇ ਹਾਂ ਜੋ ਤੂੰ ਸਾਨੂੰ ਦੇ ਸਕਦਾ ਹੈਂ, ਕਿਉਂਕਿ ਅਸੀਂ ਤੇਰੇ ਲਈ ਹੋਰ ਵੀ ਭੁੱਖੇ ਅਤੇ ਪਿਆਸੇ ਹਨ।

203 ਪਿਤਾ ਇਹ ਬਖਸ਼ ਦੇਹ ਕਿ ਸਾਡੀ ਭੁੱਖ ਤ੍ਰਿਪਤ ਹੋ ਜਾਵੇ ਅਤੇ ਸਾਡੀਆਂ ਇਛਾਵਾਂ ਪ੍ਰਗਟ ਹੋ ਜਾਣ, ਕਿਉਂਕਿ ਅਸੀਂ ਇੱਕ ਧਰਮੀ ਆਦਮੀ ਦਾ ਸਵਾਦ ਚਾਹੁੰਦੇ ਹਾਂ! ਅਤੇ ਧਰਮੀ ਆਦਮੀ ਯਿਸੂ ਮਸੀਹ ਸੀ, ਅਤੇ ਉਸਦੀ ਇਛਾ ਸੀ ਕਿ ਉਹ ਪ੍ਰਮੇਸ਼ਵਰ ਦੀ ਮਰਜੀ ਨੂੰ ਪੂਰਾ ਕਰੇ ਜੋ ਕਿ ਵਚਨ ਹੈ। ਪਿਤਾ ਸਾਨੂੰ ਇਹ ਬਖਸ਼ ਦੇਹ।

ਅਸੀਂ ਸਭਾ ਨੂੰ ਖਤਮ ਕਰਨ ਵਾਲਾ ਗੀਤ ਗਾਉਂਦੇ ਹਾਂ, *ਯਿਸੂ ਦਾ ਨਾਮ ਨਾਲ ਲਓ* ।

204 ਹੁਣ ਉਨ੍ਹਾਂ ਦੂਰ ਥਾਵਾਂ ਤੇ ਜਿੱਥੇ ਅੱਜ ਰਾਤ ਇਹ ਸੰਦੇਸ਼ ਜਾ ਚੁੱਕਾ ਹੈ, ਖੁਦਾ ਤੁਹਾਡੇ ਨਾਲ ਹੋਵੇ ਜਦਕਿ ਅਸੀਂ ਦੁਆ ਨਾਲ ਇਸ ਸੰਗਤ ਨੂੰ ਖਤਮ ਕਰਦੇ ਹਾਂ। ਹੋਣ ਦੇ ਕਿ ਤੁਸੀਂ ਜੋ ਇੱਥੋਂ ਬਾਹਰ ਦੇ ਹੋ ਤੁਹਾਡੇ ਵਿਚੋਂ ਹਰ ਇੱਕ। ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਸ ਸੰਦੇਸ਼ ਨੂੰ ਸੁਣ ਕੇ ਉਸੇ ਤਰ੍ਹਾਂ ਅਨੰਦ ਲਿਆ ਹੈ ਜਿਸ ਤਰ੍ਹਾਂ ਮੈਂ ਇਸਨੂੰ ਪ੍ਰਚਾਰ ਕਰਨ ਵਿੱਚ ਲਿਆ ਹੈ। ਅਤੇ ਮੈਂ ਭਰੋਸਾ ਕਰਦਾ ਹਾਂ ਕਿ ਖੁਦਾ ਇਸਨੂੰ ਤੁਹਾਡੇ ਦਿਲਾਂ ਵਿਚ ਬੈਠਾ ਦੇਵੇਗਾ, ਅਤੇ ਤੁਹਾਨੂੰ ਇਸਦਾ ਸਹੀ ਅਨੁਵਾਦ ਦੱਸੇਗਾ।

205 ਅਤੇ ਤੁਸੀਂ ਲੋਕ ਜਿਹੜੇ ਇੱਥੇ ਹਾਜਿਰ ਹੋ, ਜਿਹਨਾਂ ਨੇ ਇਹ ਰੁਮਾਲ ਇੱਥੇ ਰੱਖੇ ਹ, ਆਪਣੇ ਹੱਥਾ ਨੂੰ ਉਹਨਾਂ ਤੇ ਰੱਖਿਆ ਹੈ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਖੁਦਾ ਤਹਾਨੂੰ ਸਾਰਿਆਂ ਨੂੰ ਚੰਗਾ ਕਰੇ, ਸਾਡੇ ਵਿੱਚ ਕੋਈ ਵੀ ਬੀਮਾਰ ਨਾ ਰਹੇ, ਅਤੇ ਤੁਸੀਂ ਇਹ ਵੇਖੋ ਕਿ ਕਿਸ ਤਰ੍ਹਾਂ ਸਾਡਾ ਪ੍ਰਮੇਸ਼ਵਰ ਦੁਆਵਾਂ ਦਾ ਉੱਤਰ ਦਿੰਦਾ ਹੈ।

206 ਜਦ ਅਸੀਂ ਇਕੱਠੇ ਹੁੰਦੇ ਹਾਂ, "ਉਹ ਲੋਕ ਜਿਹੜੇ ਮੇਰੇ ਨਾਮ ਤੋਂ ਸਦਾਉਂਦੇ ਹਨ ਜਦ ਉਹ ਇੱਕ ਜਗ੍ਹਾ ਤੇ ਇਕੱਠੇ ਹੋ ਕੇ ਦੁਆ ਕਰਨਗੇ ਤਾਂ ਮੈਂ ਸਵਰਗ ਤੋਂ ਉਹਨਾਂ ਦੀ ਸੁਣਾਂਗਾ।" ਉਸਨੇ ਇਸ ਤਰ੍ਹਾਂ ਕਰਨ ਦਾ ਵਾਦਾ ਕੀਤਾ ਹੈ।

207 ਇਸ ਲਈ, ਅਸੀਂ ਵੰਡੇ ਹੋਏ ਨਹੀ ਹਾਂ। ਅਸੀਂ ਬਸ ਇੱਕ ਹੀ ਮਨੁੱਖ ਹਾਂ; ਅਸੀਂ ਮਸੀਹ ਵਿਚ ਸਭ ਇੱਕ ਹਾਂ। ਅਤੇ ਸਾਡੇ ਵਿਚੋਂ ਹਰ ਕੋਈ ਇੱਕ ਦੂਜੇ ਲਈ ਪ੍ਰਾਰਥਨਾ ਕਰ ਰਿਹਾ ਹੈ; ਤੁਸੀਂ ਮੇਰੇ ਲਈ ਦੁਆ ਕਰੋ ਜਿਵੇਂ ਮੈਂ ਤੁਹਾਡੇ ਲਈ ਦੁਆ ਕਰਦਾ ਹਾਂ। ਅਤੇ ਜੱਦ ਤੱਕ ਅਸੀਂ ਤੁਹਾਨੂੰ ਦੁਬਾਰਾ ਮਿਲੀਏ, ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ।

208 ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਲਗਾਤਾਰ...ਤੁਸੀਂ ਜਿਹੜੇ ਇੱਥੇ ਨਜਦੀਕ ਰਹਿੰਦੇ ਹੋ, ਤੁਸੀਂ ਭਵਨ ਵਿਚ ਆਉਂਦੇ ਰਹੋਗੇ ਅਤੇ ਸਾਡੇ ਚੰਗੇ ਪਾਸਟਰ ਭਾਈ ਨੇਵਿਲ ਨਾਲ ਮੁਲਾਕਾਤ ਕਰੋਗੇ। ਭਾਈ ਮਾਨ ਅਤੇ ਇੱਥੇ ਭਵਨ ਵਿਚ ਹੋਰ ਵਧੀਆ ਲੋਕ ਤੁਹਾਡੀ ਭਲਾਈ ਹੀ ਕਰਨਗੇ।

209 ਜੇ ਤੁਸੀਂ ਭਾਈ ਜੂਨਿਯਰ ਜੈਕਸਨ ਜਾਂ ਬਾਕੀ ਹੋਰ ਜੋ ਦੇਸ਼ ਵਿਚ ਵੱਖ ਵੱਖ ਥਾਵਾਂ ਨਿਊਯਾਰਕ ਅਤੇ ਹੋਰ ਵੱਖਰੀਆਂ ਜਗ੍ਹਾ ਅਰੀਜੋਨਾ ਅਤੇ ਕੈਲੀਫੋਰਨੀਆ ਵਿਚ, ਜਿੱਥੇ ਉਹਨਾਂ ਦੀਆਂ ਸੰਗਤਾਂ ਹੁੰਦੀਆਂ ਹਨ, ਜੇ ਤੁਸੀਂ ਉੱਥੇ ਹੋ ਤਾਂ ਉਹਨਾਂ ਚਰਚਾਂ ਵਿਚ ਜਾਓ। ਜੇ ਤੁਸੀਂ ਉੱਥੇ ਬਾਹਰ ਹੋ। ਅਸੀਂ

ਦੁਆ ਕਰਦੇ ਹਾਂ ਕਿ ਤੁਸੀਂ ਫਿਰ ਆਓਗੇ ਅਤੇ ਫਿਰ ਪਾਸਟਰ ਭਾਈ ਪ੍ਰਭੂ ਯਿਸੂ ਦੇ ਬਾਰੇ ਵਿਚ ਜਾਨਣ ਵਿਚ ਤੁਹਾਡੀ ਹੋਰ ਸਹਾਇਤਾ ਕਰਨਗੇ।

210 ਹੁਣ ਖੁਦਾ ਤੁਹਾਨੂੰ ਬਰਕਤ ਦੇਵੇ ਜਦ ਅਸੀਂ ਗਾਉਂਦੇ ਹਾਂ *ਯਿਸੂ ਦਾ ਨਾਮ ਆਪਣੇ ਨਾਲ ਲਓ*।

…ਯਿਸੂ ਦਾ ਨਾਮ ਆਪਣੇ ਨਾਲ ਲਓ
ਦੁੱਖ ਅਤੇ ਸੰਕਟ ਦੇ ਬੱਚਿਓ;
ਦੇਵੇਗਾ ਇਹ ਤੁਹਾਨੂੰ ਅਨੰਦ ਅਤੇ ਅਰਾਮ,

(ਤੁਸੀਂ ਕੀ ਕਰਨ ਜਾ ਰਹੇ ਹੋ…? ਉਹ ਤੁਹਾਨੂੰ…?)

…ਤੁਸੀਂ ਜਾਓ।

ਅਨਮੋਲ ਨਾਮ (ਅਨਮੋਲ ਨਾਮ), ਕਿੰਨਾ ਮਿੱਠਾ!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ
ਅਨਮੋਲ ਨਾਮ (ਅਨਮੋਲ ਨਾਮ), ਕਿੰਨਾ ਮਿੱਠਾ!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ।

211 ਅੱਜ ਰਾਤ ਜਦ ਮੈਂ ਸੰਗਤ ਤੇ ਨਿਗਾਹ ਮਾਰਦਾ ਹਾਂ ਤਾਂ ਭਾਈ ਐਸਟਲ ਬੀਲਰ, ਅਤੇ ਭਾਈ ਪਾਮਰ, ਅਤੇ ਭਾਈ ਜੀ.ਟੀ. ਅਤੇ ਹੋਰ ਬਹੁਤ ਸੇਵਕਾਂ ਨੂੰ ਉੱਥੇ ਪਿਛੇ ਖੜ੍ਹੇ ਵੇਖਦਾ ਹਾਂ, ਮੈਂ ਉਹਨਾਂ ਸਾਰਿਆਂ ਦੇ ਨਾਮ ਨਹੀ ਲੈ ਸਕਦਾ ਹਾਂ। ਕਾਸ਼ ਕਿ ਮੈਂ ਤੁਹਾਨੂੰ ਸਾਰਿਆਂ ਨੂੰ ਇੱਥੇ ਉੱਪਰ ਬੁਲਾ ਸਕਦਾ, ਅਤੇ ਤੁਸੀਂ ਸਭ ਸੰਗਤ ਨੂੰ ਵਿਦਾ ਕਰਦੇ ਅਤੇ ਕੁਝ ਹੋਰ ਕਰਦੇ। ਤੁਸੀਂ ਸਮਝਦੇ ਹੋ, ਕੀ ਤੁਸੀਂ ਨਹੀ ਸਮਝਦੇ? ਮੈਂ ਜਾਣਦਾ ਹਾਂ ਕਿ ਤੁਹਾਡਾ ਹਿਰਦਾ ਮਸੀਹੀ ਹੈ, ਅਤੇ ਤੁਹਾਨੂੰ ਪਤਾ ਹੈ ਕਿ ਅਸੀਂ ਕਿਸ ਤਰ੍ਹਾਂ…ਅਸੀਂ—ਅਸੀਂ ਕਿਸ ਤਰ੍ਹਾਂ ਹਾਂ; ਅਸੀਂ ਮਸੀਹ ਵਿਚ ਮਿਲ ਕੇ ਇੱਕ ਹਾਂ।

212 ਹੁਣ ਆਓ ਇਹ ਯਾਦ ਰੱਖੀਏ ਜਦ ਅਸੀਂ ਇਸਦੀ ਅਗਲੀ ਆਈਤ ਨੂੰ ਗਾਉਂਦੇ ਹਾਂ, ਜਦ ਇੱਥੇ ਸਾਡੇ ਭਾਈ ਮਾਰਟਿਨ ਸਾਨੂੰ ਦੁਆ ਨਾਲ ਵਿਦਾ ਕਰਦੇ ਹਨ। ਅਤੇ ਮੈਂ ਚਾਹੁੰਦਾ ਹਾਂ…ਇਹ ਭਾਈ ਅਰ੍ਲ ਮਾਰਟਿਨ, ਮੈਂ ਵਿਸ਼ਵਾਸ ਕਰਦਾ ਹਾਂ ਕਿ ਅਰਕਨਸਾਸ ਜਾਂ…ਜਾਂ ਮਸੂਰੀ ਤੋਂ ਹਨ। ਮਸੂਰੀ, ਅਰਕਨਸਾਸ ਤੋਂ ਹਨ। ਉਹਨਾਂ ਦਾ ਉੱਥੇ ਹੇਠਾਂ ਚਰਚ ਹੈ।

213 ਅਤੇ ਮੈਂ ਉਸ ਦੂਸਰੇ ਭਾਈ ਵੱਲ ਜੋ ਉੱਥੋਂ ਹੇਠਾਂ ਤੋਂ ਆਇਆ ਹੈ ਧਿਆਨ ਦਿੱਤਾ ਸੀ, ਮੈਂ ਉਸਦਾ ਨਾਮ ਨਹੀ ਸੋਚ ਸਕਦਾ ਹਾਂ, ਬਰੇਵਰ। ਉਹ ਇਸ ਸਵੇਰ ਇੱਥੇ ਸੀ। ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਅੱਜ ਰਾਤ ਵੀ ਉਹ ਇੱਥੇ ਹੀ ਹੋਵੇਗਾ। ਹਾਂ ਮੈਂ ਉਸਨੂੰ ਉੱਥੇ ਖੜ੍ਹਾ ਵੇਖਦਾ ਹਾਂ, ਭਾਈ ਬਰੇਵਰ। ਮੈਂ ਬਹੁਤ ਵਾਰ

ਉੱਥੇ ਆਉਣ ਦਾ ਅਤੇ ਉਹਨਾਂ ਦੀਆਂ ਕਲੀਸਿਯਾਵਾਂ ਨੂੰ ਸਮਰਪਿਤ ਕਰਨ ਦਾ ਵਾਦਾ ਕੀਤਾ ਹੈ। ਪ੍ਰਭੂ ਦੀ ਮਦਦ ਨਾਲ ਕਿਸੇ ਦਿਨ ਮੈਂ ਉੱਥੇ ਜਵਾਂਗਾ, ਜਦ ਮੈਂ ਜਾ ਸਕਿਆ।

ਹੁਣ, ਜਦ ਅਸੀਂ ਇਹ ਅਗਲੀ ਆਇਤ ਗਾਉਂਦੇ ਹਾਂ।

ਯਿਸੂ ਦੇ ਨਾਮ ਦੇ ਅੱਗੇ ਝੁਕਦੇ ਹਾਂ,
ਉਸਦੇ ਚਰਨਾਂ ਵਿਚ ਡਿੱਗ ਕੇ ਮੱਥਾ ਟੇਕਦੇ ਹਾਂ,
ਸਵਰਗ ਵਿਚ ਰਾਜਿਆਂ ਦੇ ਰਾਜੇ ਨੂੰ, ਅਸੀਂ ਉਸਨੂੰ ਮੁਕਟ ਪਹਿਨਾਵਾਂਗੇ,
ਜਦ ਖਤਮ ਹੋ ਜਾਵੇਗਾ ਸਾਡਾ ਸਫਰ।

ਆਓ ਅਸੀਂ ਇਸਨੂੰ ਹੁਣ ਗਾਈਏ।

ਯਿਸੂ ਦੇ ਨਾਮ ਦੇ ਅੱਗੇ ਝੁਕਦੇ ਹਾਂ,
ਉਸਦੇ ਚਰਨਾਂ ਵਿਚ ਡਿੱਗ ਕੇ ਮੱਥਾ ਟੇਕਦੇ ਹਾਂ,
ਸਵਰਗ ਵਿਚ ਰਾਜਿਆਂ ਦੇ ਰਾਜੇ ਨੂੰ, ਅਸੀਂ ਉਸਨੂੰ ਮੁਕਟ ਪਹਿਨਾਵਾਂਗੇ,
ਜਦ ਖਤਮ ਹੋ ਜਾਵੇਗਾ ਸਾਡਾ ਸਫਰ।

ਅਨਮੋਲ ਨਾਮ (ਅਨਮੋਲ ਨਾਮ), ਔਹ, ਕਿੰਨਾ ਮਿੱਠਾ (ਕਿੰਨਾ ਮਿੱਠਾ)!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ;
ਅਨਮੋਲ ਨਾਮ, ਕਿੰਨਾ ਮਿੱਠਾ!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ।

ਔਹ, ਯਿਸੂ ਦਾ ਨਾਮ ਆਪਣੇ ਨਾਲ ਲਓ
ਹਰ ਇੱਕ ਫੰਦੇ ਤੋਂ ਢਾਲ ਹੈ (ਹੁਣ ਸੁਣੋ)
ਔਹ, ਜਦ ਪ੍ਰਤਾਵੇ ਤੁਹਾਨੂੰ ਚਾਰੇ ਪਾਸੇ ਘੇਰ ਲੈਣ। (ਤੁਹਾਨੂੰ ਕੀ ਕਰਨਾ ਚਾਹੀਦਾ ਹੈ?)
ਬਸ ਇਸ ਪਵਿੱਤਰ ਨਾਮ ਨੂੰ ਪ੍ਰਾਰਥਨਾ ਦੇ ਸਾਹ ਵਿਚ ਲਓ।

ਅਨਮੋਲ ਨਾਮ, ਕਿੰਨਾ ਮਿੱਠਾ!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ;
ਅਨਮੋਲ ਨਾਮ, ਕਿੰਨਾ ਮਿੱਠਾ!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ।

ਆਓ ਆਪਣੇ ਸਿਰ ਨੂੰ ਝੁਕਾਈਏ।

ਓਹ ਅਨਮੋਲ ਨਾਮ, ਕਿੰਨਾ ਮਿੱਠਾ!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ;
ਅਨਮੋਲ ਨਾਮ, (ਇਸੇ ਵਿਚ ਬਪਤਿਸਮਾ ਲਓ; ਇਸੇ
ਵਿਚ ਦੁਆ ਕਰੋ) ਔਹ ਕਿੰਨਾ ਮਿੱਠਾ!
ਧਰਤੀ ਦੀ ਆਸ ਅਤੇ ਸਵਰਗ ਦਾ ਅਨੰਦ।

ਭਾਈ ਮਾਰਟਿਨ। [ਭਾਈ ਮਾਰਟਿਨ ਪ੍ਰਾਰਥਨਾ ਕਰਦੇ ਹਨ—ਸੰਪਾ]

*ਇੱਕ ਵਿਚਾਰਸ਼ੀਲ ਮਨੁੱਖ ਦੀ ਛਾਨਣੀ* PUN65-0822E

(A Thinking Man's Filter)

ਇਹ ਸੰਦੇਸ਼ ਸਾਡੇ ਪਿਆਰੇ ਭਾਈ ਵਿਲੀਅਮ ਮੈਰਿਅਨ ਬ੍ਰਾਨਹਾਮ ਦੁਆਰਾ ਐਤਵਾਰ ਸ਼ਾਮ, ਅਗਸਤ 1965 ਨੂੰ ਬ੍ਰਾਨਹਾਮ ਟੈਬਰਨੈਕਲ, ਜੈਫਰਸਨਵਿਲੇ, ਇੰਡਿਆਨਾ, ਸੰਯੁਕਤ ਰਾਜ ਅਮਰੀਕਾ ਵਿਚ ਪ੍ਰਚਾਰ ਕੀਤਾ ਗਿਆ ਅਤੇ ਮੈਗਨੇਟਿਕ ਟੇਪ ਰੇਕਾਡਿੰਗ ਤੋਂ ਲਿਆ ਗਿਆ ਅਤੇ ਅੰਗ੍ਰੇਜੀ ਵਿਚ ਛਾਪਿਆ ਗਿਆ। ਇਹ ਪੰਜਾਬੀ ਅਨੁਵਾਦ ਵੋਇਸ ਆਫ ਗੋਡ ਰੇਕਾਡਿੰਗ ਦੇ ਦੁਆਰਾ ਛਾਪਿਆ ਅਤੇ ਵੰਡਿਆ ਗਿਆ ਹੈ।

PUNJABI

©2019 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:



VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org